Fair Advice Financial
Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ

Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 21* Issue 213 | Tuesday, November 08, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


## ਲੜਕੇ ਨੇ ਮਾਪਿਆਂ ਦੀ ਜਾਨ ਲੈਣ ਤੋਂ ਬਾਅਦ ਕੀਤੀ ਸੀ ਖੁਦਕੁਸ਼ੀ




ਓਨਟਾਰੀਓ, 7 ਨਵੰਬਰ (ਪੋਸਟ ਬਿਊਰੋ) : ਕੌਨਿਸਟਨ ਵਿੱਚ ਕਾਰੂਸੋ ਸਟਰੀਟ ਉੱਤੇ ਸਥਿਤ ਇੱਕ ਘਰ ਵਿੱਚ ਬੀਤੇ ਦਿਨੀਂ ਹੋਈਆਂ ਤਿੰਨ ਮੌਤਾਂ ਦੇ ਸਬੰਧ ਵਿੱਚ ਗ੍ਰੇਟਰ ਸਡਬਰੀ ਪੁਲਿਸ ਵੱਲੋਂ ਹੋਰ ਵੇਰਵੇ ਜਾਰੀ ਕੀਤੇ ਗਏ। ਜ਼ਿਕਰਯੋਗ ਹੈ ਕਿ 30 ਅਕਤੂਬਰ ਨੂੰ 46 ਸਾਲਾ ਬ੍ਰਾਇਨ ਡੈਜੌਰਮੈਕਸ, ਉਨ੍ਹਾਂ ਦੀ 43 ਸਾਲਾ ਪਤਨੀ ਜੈਨੇਟ ਤੇ 17 ਸਾਲਾ ਲੜਕੇ ਐਸ਼ਟਨ ਦੀਆਂ ਲਾਸ਼ਾਂ ਘਰ ਵਿੱਚੋਂ ਮਿਲੀਆਂ ਸਨ। ਸਡਬਰੀ ਪੁਲਿਸ ਨੇ ਦੱਸਿਆ ਕਿ 17 ਸਾਲਾ ਲੜਕੇ ਨੇ ਹੀ ਪਹਿਲਾਂ ਆਪਣੇ ਮਾਪਿਆਂ ਨੂੰ ਮੌਤ ਦੇ ਘਾਟ ਉਤਾਰਿਆ ਤੇ ਫਿਰ ਖੁਦਕੁਸ਼ੀ ਕੀਤੀ। ਤਿੰਨਾਂ ਜੀਆਂ ਦੀ ਮੌਤ ਗੋਲੀ ਲੱਗਣ ਕਾਰਨ ਹੋਈ। ਇਸ ਸਬੰਧ ਵਿੱਚ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ। ਪੁਲਿਸ ਨੇ ਦੱਸਿਆ ਕਿ ਇਹ ਜਾਣਕਾਰੀ ਵੀ ਇਸ ਲਈ ਜਾਰੀ ਕੀਤੀ ਗਈ ਹੈ ਤਾਂ ਕਿ ਸਾਡੀ ਕਮਿਊਨਿਟੀ ਤੱਕ ਸੱਚ ਪਹੁੰਚ ਸਕੇ। ਪੁਲਿਸ ਨੇ ਇਹ ਵੀ ਆਖਿਆ ਕਿ ਜਾਂਚ ਦੌਰਾਨ ਜਾਂ ਕੌਰੋਨਰ ਦੇ ਆਫਿਸ ਨਾਲ ਰਲ ਕੇ ਕੰਮ ਕਰਦੇ ਸਮੇਂ ਕਿਤੇ ਵੀ ਇਹ ਸਾਹਮਣੇ ਨਹੀਂ ਆਇਆ ਕਿ ਇਹ ਲੜਕਾ ਕਿਸੇ ਕਿਸਮ ਦੇ ਮਾਨਸਿਕ ਤਣਾਅ ਵਿੱਚੋਂ ਲੰਘ ਰਿਹਾ ਸੀ ਜਾਂ ਉਸ ਨੂੰ ਅਜਿਹੀ ਕੋਈ ਬਿਮਾਰੀ ਸੀ।

## ਬੀਸੀ ਵਿੱਚ ਫੈਡਰਲ ਹਮਰੁਤਬਾ ਅਧਿਕਾਰੀ ਨਾਲ ਮੁਲਾਕਾਤ ਕਰਨਗੇ ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਸਿਹਤ ਮੰਤਰੀ

ਵੈਨਕੂਵਰ, 7 ਨਵੰਬਰ (ਪੋਸਟ ਬਿਊਰੋ) : ਇਸ ਹਫਤੇ ਕੈਨੇਡਾ ਦੇ ਸਿਹਤ ਮੰਤਰੀਆਂ ਵੱਲੋਂ ਬ੍ਰਿਟਿਸ਼ ਕੋਲੰਬੀਆ ਵਿੱਚ ਮੁਲਾਕਾਤ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਹੈਲਥ ਕੇਅਰ ਸਿਸਟਮ ਦੀ ਨਾਜ਼ੁਕ ਹਾਲਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਚਾਰ ਮਹੀਨੇ ਪਹਿਲਾਂ ਵੀ ਦੇਸ਼ ਭਰ ਦੇ ਸਿਹਤ ਮੰਤਰੀ ਵਿਕਟੋਰੀਆ ਵਿੱਚ ਮੁਲਾਕਾਤ ਕਰ ਚੁੱਕੇ ਹਨ।

ਸਾਰੇ 13 ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਸਿਹਤ ਮੰਤਰੀਆਂ ਵੱਲੋਂ ਅੱਜ ਤੇ ਕੱਲ੍ਹ ਫੈਡਰਲ ਸਿਹਤ ਮੰਤਰੀ ਜੀਨ ਯਵੇਸ ਡਕਲਸ ਨਾਲ ਮੁਲਾਕਾਤ ਕੀਤੇ ਜਾਣ ਦੀ ਸੰਭਾਵਨਾ ਹੈ। ਹੈਲਥ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਮੀਡੀਆ ਐਡਵਾਈਜ਼ਰੀ ਵਿੱਚ ਆਖਿਆ ਗਿਆ ਕਿ 2018 ਤੋਂ ਬਾਅਦ ਅਜਿਹਾ ਪਹਿਲੀ ਵਾਰੀ ਹੋਵੇਗਾ ਕਿ



ਸਰਕਾਰ ਦੇ ਵੱਖ ਵੱਖ ਪੱਧਰਾਂ ਤੋਂ ਸਿਹਤ ਮੰਤਰੀ ਇੱਕ-ਦੂਜੇ ਨਾਲ ਵਿਅਕਤੀਗਤ ਤੌਰ ਉੱਤੇ ਮੁਲਾਕਾਤ ਕਰਨਗੇ।

ਕੈਨੇਡਾ ਦੇ ਪ੍ਰੀਮੀਅਰ ਪਿਛਲੇ ਸਾਲ ਜੁਲਾਈ ਵਿੱਚ ਵਿਕਟੋਰੀਆ ਵਿੱਚ ਇੱਕਠੇ ਹੋਏ ਸਨ, ਜਿੱਥੇ ਉਨ੍ਹਾਂ ਵੱਲੋਂ ਫੈਡਰਲ ਸਰਕਾਰ ਨੂੰ ਕੈਨੇਡਾ ਹੈਲਥ ਟਰਾਂਸਫਰ, ਜਿਹੜੀ ਰਕਮ ਹਰ ਅਧਿਕਾਰ ਖੇਤਰ ਨੂੰ ਹੈਲਥ ਕੇਅਰ ਉੱਤੇ ਖਰਚਣ ਲਈ ਮਿਲਦੀ ਹੈ, ਵਿੱਚ 35 ਫੀ ਸਦੀ ਵਾਧਾ ਕਰਨ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਸਮੇਂ ਉਨ੍ਹਾਂ ਨੂੰ ਇਸ ਮਕਸਦ ਲਈ 22 ਫੀ ਸਦੀ ਰਕਮ ਹੀ ਮਿਲ ਰਹੀ ਹੈ।

ਉਸ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਹ ਆਖਿਆ ਗਿਆ ਸੀ ਕਿ ਫੈਡਰਲ ਸਰਕਾਰ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨੂੰ ਦਿੱਤੇ ਜਾਣ ਵਾਲੇ ਕਈ ਬਿਲੀਅਨ ਡਾਲਰ ਕੈਨੇਡੀਅਨਜ਼ ਲਈ ਅਸਲੀ ਤੇ ਬਿਹਤਰੀਨ ਨਤੀਜੇ ਲੈ ਕੇ ਆਉਣ ਤੇ ਉਨ੍ਹਾਂ ਲਈ ਹਸਪਤਾਲਾਂ ਵਿੱਚ ਉਡੀਕ ਦਾ ਸਮਾਂ ਘਟੇ ਤੇ ਬਿਹਤਰੀਨ ਸੇਵਾਵਾਂ ਉਨ੍ਹਾਂ ਨੂੰ ਹਾਸਲ ਹੋਣ।

ਇੱਕ ਵਾਰੀ ਫਿਰ ਪ੍ਰੀਮੀਅਰਜ਼ ਵੱਲੋਂ ਇਸ ਰਕਮ ਵਿੱਚ ਵਾਧਾ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਇਸ ਵਾਸਤੇ ਕੈਨੇਡਾ ਪੱਧਰ ਉੱਤੇ ਪਿਛਲੇ ਮਹੀਨੇ ਜਾਗਰੂਕਤਾ ਮੁਹਿੰਮ ਵੀ ਲਾਂਚ ਕੀਤੀ ਗਈ।

## ਫੋਰਡ ਵੱਲੋਂ ਕਾਨੂੰਨ ਰੱਦ ਕਰਨ ਦੀ ਕੀਤੀ ਪੇਸ਼ਕਸ਼ ਤੋਂ ਬਾਅਦ ਐਜੂਕੇਸ਼ਨ ਵਰਕਰਜ਼ ਨੇ ਹੜਤਾਲ ਕੀਤੀ ਖ਼ਤਮ

ਓਨਟਾਰੀਓ, 7 ਨਵੰਬਰ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਐਜੂਕੇਸ਼ਨ ਵਰਕਰਜ਼ ਉੱਤੇ ਕਥਿਤ ਤੌਰ ਉੱਤੇ ਕਾਂਟਰੈਕਟ ਮੜ੍ਹਨ ਵਾਲੇ ਕਾਨੂੰਨ ਨੂੰ ਰੱਦ ਕਰਨ ਦੀ ਕੀਤੀ ਗਈ ਪੇਸ਼ਕਸ਼ ਤੋਂ ਬਾਅਦ ਹੜਤਾਲ ਉੱਤੇ ਗਏ ਹਜ਼ਾਰਾਂ ਐਜੂਕੇਸ਼ਨ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਨੇ ਆਖਿਆ ਕਿ ਉਹ ਵੀ ਸਵੇਰ ਤੋਂ ਕੰਮ ਉੱਤੇ ਪਰਤ ਆਉਣਗੇ।

ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ (ਕੂਪ)ਦੀ ਓਨਟਾਰੀਓ ਸਕੂਲ ਬੋਰਡ ਕਾਊਂਸਲ ਆਫ ਯੂਨੀਅਨਜ਼ ਨੇ ਸੋਮਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਕਰਕੇ ਆਖਿਆ ਕਿ ਸਾਨੂੰ ਸਾਡੇ ਬਾਰਗੇਨਿੰਗ ਅਧਿਕਾਰ



ਵਾਪਿਸ ਮਿਲ ਗਏ ਹਨ। ਅਸੀਂ ਸਵੇਰ ਤੋਂ ਕੰਮ ਉੱਤੇ ਪਰਤ ਆਵਾਂਗੇ। ਸੋਮਵਾਰ ਸਵੇਰੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਸੀ ਕਿ ਉਨ੍ਹਾਂ ਦੀ ਸਰਕਾਰ ਬੈਕ ਟੂ ਵਰਕ ਸਬੰਧੀ ਕਾਨੂੰਨ ਰੱਦ ਕਰਨ ਲਈ ਤਿਆਰ ਹੈ ਤੇ ਨੌਟਵਿਦਸਟੈਂਡਿੰਗ ਕਲਾਜ਼ ਦੀ ਵਰਤੋਂ ਉੱਤੇ ਵੀ ਰੋਕ ਲਾ ਦਿੱਤੀ ਜਾਵੇਗੀ ਬਸ਼ਰਤੇ ਐਜੂਕੇਸ਼ਨ ਵਰਕਰਜ਼ ਦੀ ਯੂਨੀਅਨ ਵੀ ਹੜਤਾਲ ਖ਼ਤਮ ਕਰਨ ਲਈ ਰਾਜ਼ੀ ਹੋਵੇ।

ਇਸ ਦੌਰਾਨ ਯੂਨੀਅਨ ਦੀ ਪ੍ਰਧਾਨ ਵਾਲਟਨ ਨੇ ਆਖਿਆ ਕਿ ਯੂਨੀਅਨ ਵੱਲੋਂ ਸਰਕਾਰ ਉੱਤੇ ਭਰੋਸਾ ਕਰਕੇ ਜਿਹੜਾ ਵਿਸ਼ਵਾਸ ਪ੍ਰਗਟਾਇਆ ਗਿਆ ਹੈ ਆਸ ਕਰਦੇ ਹਾਂ ਕਿ ਗੱਲਬਾਤ ਦੌਰਾਨ ਸਰਕਾਰ ਵੀ ਸਾਡੇ ਉੱਤੇ ਭਰੋਸਾ ਕਰਕੇ ਸਾਡੀਆਂ ਜਾਇਜ਼ ਮੰਗਾਂ ਨੂੰ ਮੰਨੇ। ਉਨ੍ਹਾਂ ਆਖਿਆ ਕਿ ਅਸੀਂ ਹੁਣੇ ਗੱਲਬਾਤ ਲਈ ਤਿਆਰ ਹਾਂ। ਯੂਨੀਅਨ ਅਧਿਕਾਰੀਆਂ ਨੇ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਲਿਖਤੀ ਤੌਰ ਉੱਤੇ ਪ੍ਰੋਵਿੰਸ ਵੱਲੋਂ ਇਹ ਦਿੱਤਾ ਗਿਆ ਹੈ ਕਿ ਜੇ ਉਹ ਹੜਤਾਲ ਖ਼ਤਮ ਕਰਦੇ ਹਨ ਤਾਂ ਸਰਕਾਰ ਵੀ ਬਿੱਲ 28 ਰੱਦ ਕਰੇਗੀ।

ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਇੱਕ ਬਿਆਨ ਜਾਰੀ ਕਰਕੇ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਕੂਪ ਵੱਲੋਂ ਹੜਤਾਲ ਖ਼ਤਮ ਕਰਨ ਦੀ ਸੂਰਤ ਵਿੱਚ ਸਰਕਾਰ ਵੀ ਬਿੱਲ 28 ਰੱਦ ਕਰ ਦੇਵੇਗੀ। ਕੂਪ ਨੇ ਦੱਸਿਆ ਕਿ ਵਿਚੋਲੇ ਰਾਹੀਂ ਮੰਗਲਵਾਰ ਨੂੰ ਸਵੇਰੇ 10:00 ਵਜੇ ਗੱਲਬਾਤ ਮੁੜ ਸ਼ੁਰੂ ਹੋਵੇਗੀ। ਫੋਰਡ ਨੇ ਟਵੀਟ ਕਰਕੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਹੜਤਾਲ ਖ਼ਤਮ ਹੋ ਗਈ ਹੈ ਤੇ ਹੁਣ ਬੱਚੇ ਪੜ੍ਹਾਈ ਲਈ ਕਲਾਸਾਂ ਵਿੱਚ ਪਰਤ ਸਕਣਗੇ। ਉਨ੍ਹਾਂ ਇਹ ਵੀ ਆਖਿਆ ਕਿ ਅਸੀਂ ਵਿਦਿਆਰਥੀਆਂ, ਮਾਪਿਆਂ, ਵਰਕਰਜ਼ ਤੇ ਟੈਕਸਦਾਤਾਵਾਂ ਲਈ ਇੱਕ ਵਾਰੀ ਫਿਰ ਐਜੂਕੇਸ਼ਨ ਵਰਕਰਜ਼ ਨਾਲ ਗੱਲਬਾਤ ਲਈ ਪਰਤਾਂਗੇ।


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off : 905.230.3100

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

OURR HOME & APPLIANCES
NO TAX Special
$4999
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West
5781 Highway 7 Unit 10, Vaughan, ON L4L 1T8, (416)-477-5556
416-551-5553
www.ourrhomeappliances.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill
Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
(Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Pure Vegetarian
MUFFIN'S
INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ >>

ਵਧ ਗਈ ਆਪਸ ਦੀ ਕੌੜ ਅਕਾਲੀਆਂ ਦੀ,
ਦੋਵਾਂ ਧਿਰਾਂ ਨੇ ਲਾਇਆ ਪਿਆ ਜ਼ੋਰ ਬੇਲੀ।
ਸ਼ਬਦਾਂ ਦੇ ਬਾਣ ਚਲਾਉਂਦੀਆਂ ਧਿਰਾਂ ਦੋਵੇਂ,
ਗੂੰਜ ਰਿਹਾ ਸਾਰੇ ਪੰਜਾਬ ਵਿੱਚ ਸ਼ੋਰ ਬੇਲੀ।
ਅਜੇ ਤੱਕ ਲੱਗਦੇ ਹਾਊਮੈ ਦੇ ਦੋਸ਼ ਦੂਸ਼ਣ,
ਵਿੱਚ-ਵਿੱਚ ਹੁੰਦੀ ਹੈ ਗਲਤ ਟਕੋਰ ਬੇਲੀ।
ਸੁਣੀ ਨਹੀਂ ਕਦੇ ਵੀ ਏਦਾਂ ਦੀ ਕੌੜ ਭਾਸ਼ਾ,
ਅਕਾਲ ਦੇ ਹੱਥੀਂ ਬੱਸ ਲੱਗਦੀ ਡੋਰ ਬੇਲੀ।
ਕਰਨੀ ਆਖ ਰਹੇ ਸੰਗਤ ਦੀ ਸਿਰਫ ਸੇਵਾ,
ਲੋਭ ਲਾਲਚ ਨਹੀਂ ਅਹੁਦੇ ਦਾ ਕੋਈ ਬੇਲੀ।
ਤਦ ਵੀ ਜਾਂਦੀ ਹੈ ਜਿੱਦਾਂ ਦੀ ਸੁਣੀ ਚਰਚਾ,
ਲੱਗਦੀ ਆਗੂਆਂ ਲਾਹੀ ਪਈ ਲੋਈ ਬੇਲੀ।

**ਤੀਸ ਮਾਰ ਖਾਂ**

# ਹੋਰਨਾਂ ਰੁਝੇਵਿਆਂ ਦੇ ਮੱਦੇਨਜ਼ਰ ਕਲਾਈਮੇਟ ਬਾਰੇ ਸਿਖਰ ਵਾਰਤਾ ਵਿੱਚ ਹਿੱਸਾ ਲੈਣ ਲਈ ਮਿਸਰ ਪਹੁੰਚਣਗੇ ਵਿਸ਼ਵ ਆਗੂ

ਸ਼ਰਮ ਅਲ-ਸ਼ੇਖ, ਮਿਸਰ, 7 ਨਵੰਬਰ (ਪੋਸਟ ਬਿਊਰੋ) : ਕਲਾਈਮੇਟ ਦੇ ਮੁੱਦੇ ਉੱਤੇ ਗੱਲਬਾਤ ਕਰਨ ਲਈ ਵਿਸ਼ਵ ਦੇ 100 ਤੋਂ ਵੱਧ ਆਗੂ ਅੱਜ ਮਿਸਰ ਵਿੱਚ ਇੱਕਠੇ ਹੋ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਕਲਾਈਮੇਟ ਦੀ ਸਮੱਸਿਆ ਦਿਨ-ਬ-ਦਿਨ ਹੋਰ ਨਿੱਘਰਦੀ ਜਾ ਰਹੀ ਹੈ ਤੇ ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਧਰਤੀ ਨੂੰ ਦਰਪੇਸ਼ ਸੱਭ ਤੋਂ ਵੱਡੀ ਚੁਣੌਤੀ ਹੈ। ਇਸ ਤੋਂ ਇਲਾਵਾ ਦੁਨੀਆ ਭਰ ਦੇ ਹਾਲਾਤ ਦੇ ਮੱਦੇਨਜ਼ਰ ਮਾਹਿਰ ਮੰਨਦੇ ਹਨ ਕਿ ਇਸ ਪਾਸੇ ਵੱਲ ਸਕਾਰਾਤਮਕ ਕਦਮ ਚੁੱਕੇ ਜਾਣਾ ਕਾਫੀ ਮੁਸ਼ਕਲ ਹੋ ਗਿਆ ਹੈ।

ਅੱਜ ਦੁਨੀਆ ਭਰ ਦੇ 50 ਤੋਂ ਵੱਧ ਦੇਸ਼ਾਂ ਦੇ ਮੁਖੀਆਂ ਵੱਲੋਂ ਮਿਸਰ ਵਿੱਚ ਉੱਚ ਪੱਧਰੀ ਕੌਮਾਂਤਰੀ ਕਲਾਈਮੇਟ ਵਾਰਤਾ ਵਿੱਚ ਹਿੱਸਾ ਲਿਆ ਜਾਵੇਗਾ ਤੇ ਆਉਣ ਵਾਲੇ ਦਿਨਾਂ ਵਿੱਚ ਵੀ ਇਹ ਸਿਲਸਿਲਾ ਬਾਦਸਤੂਰ ਜਾਰੀ ਰਹੇਗਾ। ਇਸ ਗੱਲਬਾਤ ਦੌਰਾਨ ਬਹੁਤਾ ਧਿਆਨ ਨੈਸ਼ਨਲ ਆਗੂਆਂ ਦੀਆਂ ਕਲਾਈਮੇਟ ਤਬਾਹੀ ਨਾਲ ਜੁੜੀਆਂ ਕਹਾਣੀਆਂ ਵੱਲ ਦਿੱਤਾ ਜਾਵੇਗਾ। ਇਸ ਦਰਮਿਆਨ ਸੱਭ ਤੋਂ ਪਹਿਲਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮੁਹੰਮਦ ਸ਼ਰੀਫ ਦਾ ਭਾਸ਼ਣ ਸੁਣਿਆ ਜਾਵੇਗਾ ਜਿਨ੍ਹਾਂ ਦੇ ਦੇਸ਼ ਵਿੱਚ ਗਰਮੀਆਂ ਦੌਰਾਨ ਆਏ ਹੜ੍ਹਾਂ ਕਾਰਨ ਘੱਟੋ ਘੱਟ 40



ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਤੇ ਕਈ ਮਿਲੀਅਨ ਲੋਕ ਬੇਘਰ ਹੋ ਗਏ।

ਬਹੁਤੇ ਆਗੂ ਸੋਮਵਾਰ ਤੇ ਮੰਗਲਵਾਰ ਨੂੰ ਮੁਲਾਕਾਤ ਕਰਨਗੇ। ਇੱਥੇ ਦੱਸਣਾ ਬਣਦਾ ਹੈ ਕਿ ਅਮਰੀਕਾ ਵਿੱਚ ਪਾਲਿਸੀ ਸ਼ਿਫਟ ਕਰਨ ਦਾ ਦਮ ਰੱਖਣ ਵਾਲੀਆਂ ਮਿਡਟਰਮ ਚੋਣਾਂ ਹੋ ਰਹੀਆਂ ਹਨ। ਇਸ ਦੌਰਾਨ ਹੀ ਦੁਨੀਆ ਦੇ ਸੱਭ ਤੋਂ ਅਮੀਰ 20 ਮੁਲਕਾਂ ਦੇ ਆਗੂਆ ਦੇ ਸ਼ਕਤੀਸ਼ਾਲੀ ਕਲੱਬ ਕੌਨਫੈਬ ਦੀ ਇੰਡੋਨੇਸ਼ੀਆ ਦੇ ਬਾਲੀ ਵਿੱਚ ਮੁਲਾਕਾਤ ਹੋਵੇਗੀ। ਇਸ ਤੋਂ ਇਲਾਵਾ ਅਮਰੀਕਾ ਦੇ ਸਾਬਕਾ ਵਾਰਤਾਕਾਰ ਤੇ ਕਲਾਈਮੇਟ ਐਡਵਾਈਜ਼ਰਜ਼ ਸੀਈਓ ਨਾਈਜਲ ਪੁਰਵਿਸ ਨੇ ਆਖਿਆ ਕਿ ਕਈ ਹੋਰ ਨਿੱਕੀਆਂ ਤੇ ਵੱਡੀਆਂ ਸਿਖਰ ਵਾਰਤਾਵਾਂ ਵੀ ਹਨ।

ਦੋ ਸੱਭ ਤੋਂ ਵੱਡੇ ਕਾਰਬਨ ਪ੍ਰਦੂਸ਼ਣ ਫੈਲਾਉਣ ਵਾਲੇ ਦੇਸ਼ਾਂ ਚੀਨ ਤੇ ਭਾਰਤ ਦੇ ਆਗੂਆਂ ਵੱਲੋਂ ਇਸ ਵਿੱਚ ਹਿੱਸਾ ਨਾ ਲਏ ਜਾਣ ਦੀ ਸੰਭਾਵਨਾ ਹੈ। ਇਨ੍ਹਾਂ ਤੋਂ ਇਲਾਵਾ ਹੋਰ ਸੱਭ ਤੋਂ ਵੱਧ ਪ੍ਰਦੂਸ਼ਣ ਫੈਲਾਉਣ ਵਾਲੇ ਦੇਸ਼ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੀ ਇਸ ਹੋਰਨਾਂ ਦੇਸ਼ਾਂ ਦੇ ਰਾਸ਼ਟਰਪਤੀਆਂ ਦੇ ਮੁਕਾਬਲੇ ਇਸ ਸਿਖਰ ਵਾਰਤਾ ਵਿੱਚ ਹੋਰ ਦੇਰ ਨਾਲ ਪਹੁੰਚਣਗੇ। ਇਹ ਵੀ ਪਤਾ ਲੱਗਿਆ ਸੀ ਕਿ ਯੂਨਾਈਟਿਡ ਕਿੰਗਡਮ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਵੀ ਪਹਿਲਾਂ ਇਸ ਵਾਰਤਾ ਵਿੱਚ ਹਿੱਸਾ ਲੈਣ ਤੋਂ ਟਲ ਰਹੇ ਸਨ ਪਰ ਜਨਤਾ ਦੇ ਦਬਾਅ ਦੇ ਚੱਲਦਿਆਂ ਤੇ ਸਾਬਕਾ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਦੀ ਯੋਜਨਾ ਕਾਰਨ ਉਨ੍ਹਾਂ ਆਪਣਾ ਮਨ ਬਦਲ ਲਿਆ ਲੱਗਦਾ ਹੈ ਤੇ ਹੁਣ ਇਸ ਵਾਰਤਾ ਵਿੱਚ ਉਹ ਵੀ ਹਿੱਸਾ ਲੈਣਗੇ।

## ਪਤਨੀ ਦੇ ਕਤਲ ਦੇ ਸਬੰਧ ਵਿੱਚ ਟੋਰਾਂਟੋ ਦੇ ਵਿਅਕਤੀ ਨੂੰ ਕੀਤਾ ਗਿਆ ਚਾਰਜ

ਟੋਰਾਂਟੋ, 7 ਨਵੰਬਰ (ਪੋਸਟ ਬਿਊਰੋ) : ਪਿਛਲੇ ਹਫਤੇ ਜਿਸ ਵਿਅਕਤੀ ਦੀ ਪਤਨੀ ਨੇ ਹਸਪਤਾਲ ਵਿੱਚ ਦਮ ਤੋੜਿਆ ਟੋਰਾਂਟੋ ਪੁਲਿਸ ਵੱਲੋਂ ਉਸ ਵਿਅਕਤੀ ਖਿਲਾਫ ਚਾਰਜਿਜ਼ ਨੂੰ ਅਪਗ੍ਰੇਡ ਕਰਕੇ ਫਰਸਟ ਡਿਗਰੀ ਮਰਡਰ ਕਰ ਦਿੱਤਾ ਗਿਆ ਹੈ। ਇਸ ਮਹਿਲਾ ਦੀ ਮੌਤ ਸਤੰਬਰ ਵਿੱਚ ਵਾਪਰੀ ਹਿੰਸਕ ਘਟਨਾ ਕਾਰਨ ਹੋਈ ਦੱਸੀ ਜਾਂਦੀ ਹੈ। ਜ਼ਿਕਰਯੋਗ ਹੈ ਕਿ 25 ਸਤੰਬਰ ਨੂੰ ਸਵੇਰੇ 3:00 ਵਜੇ ਤੋਂ ਬਾਅਦ ਇਟੋਬੀਕੋ ਵਿੱਚ ਗਾਮਾ ਸਟਰੀਟ ਤੇ ਵਾਲਰਮੋ ਡਰਾਈਵ ਉੱਤੇ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ। ਪੁਲਿਸ ਨੂੰ ਸੜਕ ਕਿਨਾਰੇ ਜ਼ਖ਼ਮੀ ਹਾਲਤ ਵਿੱਚ ਇੱਕ ਮਹਿਲਾ ਮਿਲੀ। ਐਮਰਜੰਸੀ ਰਨ ਰਾਹੀਂ ਮਹਿਲਾ ਨੂੰ ਹਸਪਤਾਲ ਲਿਜਾਇਆ ਗਿਆ।

ਜਾਂਚ ਦੀ ਸ਼ੁਰੂਆਤ ਵਿੱਚ ਪੁਲਿਸ ਵੱਲੋਂ 48 ਸਾਲਾ ਐਂਟੋਨੀਓ ਜ਼ੌਲੇਰਾਨੋ ਨਾਂ ਦੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ। ਉਸ ਖਿਲਾਫ ਕਈ ਚਾਰਜਿਜ਼ ਲਾਏ ਗਏ ਜਿਨ੍ਹਾਂ ਵਿੱਚ ਕਤਲ ਕਰਨ ਦੀ ਕੋਸ਼ਿਸ਼ ਕਰਨ ਦਾ ਮਾਮਲਾ ਵੀ ਦਰਜ ਕੀਤਾ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਜ਼ਖ਼ਮੀ ਮਹਿਲਾ ਦੀ ਪਛਾਣ 43 ਸਾਲਾ ਕੈਥਰੀਨ ਜ਼ੌਲੇਰਾਨੋ ਵਜੋਂ ਹੋਈ ਤੇ 2 ਨਵੰਬਰ ਨੂੰ ਉਹ ਜ਼ਖ਼ਮਾਂ ਦੀ ਤਾਬ ਨਾ ਸਹਾਰਦੀ ਹੋਈ ਦਮ ਤੋੜ ਗਈ। ਪੁਲਿਸ ਨੇ ਆਖਿਆ ਕਿ ਨਤੀਜੇ ਵਜੋਂ ਐਂਟੋਨੀਓ ਜ਼ੌਲੇਰਾਨੋ ਨੂੰ ਫਰਸਟ ਡਿਗਰੀ ਮਰਡਰ ਸਬੰਧੀ ਚਾਰਜਿਜ਼ ਦਾ ਸਾਹਮਣਾ ਕਰਨਾ ਹੋਵੇਗਾ।

ਟੋਰਾਂਟੋ ਪੁਲਿਸ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਇਹ ਦੋਵੇਂ ਪਤੀ ਪਤਨੀ ਸਨ। ਜ਼ੌਲੇਰਾਨੋ ਨੂੰ ਮੰਗਲਵਾਰ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ।

## ਚਿਲਡਰਨ ਏਡ ਸੁਸਾਇਟੀ ਨੂੰ 250,000 ਡਾਲਰ ਦਾ ਚੂਨਾ ਲਾਉਣ ਵਾਲੇ ਦੋ ਵਿਅਕਤੀ ਗ੍ਰਿਫਤਾਰ

ਓਨਟਾਰੀਓ, 7 ਨਵੰਬਰ (ਪੋਸਟ ਬਿਊਰੋ) : ਪੀਲ ਚਿਲਡਰਨਜ਼ ਏਡ ਸੁਸਾਇਟੀ (ਕੈਸ) ਦੇ ਦੋ ਮੁਲਾਜ਼ਮਾਂ ਵੱਲੋਂ ਆਪਣੀ ਹੀ ਸੁਸਾਇਟੀ ਨੂੰ 250,000 ਡਾਲਰ ਦਾ ਚੂਨਾ ਲਾਇਆ ਗਿਆ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।



ਇੱਕ ਨਿਊਜ਼ ਰਲੀਜ਼ ਵਿੱਚ ਪੀਲ ਰੀਜਨਲ ਪੁਲਿਸ ਨੇ ਆਖਿਆ ਕਿ ਉਨ੍ਹਾਂ ਦੇ ਫਰੌਡ ਬਿਊਰੋ ਦੇ ਜਾਂਚਕਾਰਾਂ ਵੱਲੋਂ ਇਸ ਸੁਸਾਇਟੀ ਦੇ ਦੋ ਸਾਬਕਾ ਮੁਲਾਜ਼ਮਾਂ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ। ਜਾਂਚਕਾਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕਥਿਤ ਪਰਚੇਜ ਅਤੇ ਰੀਇੰਬਰਸਮੈਂਟ ਸਕੀਮ ਦੇ ਸਬੰਧ ਵਿੱਚ ਕਈ ਚਾਰਜਿਜ਼ ਲਾਏ ਗਏ ਹਨ। ਪੀਲ ਕੈਸ ਵਿਖੇ ਜੁਲਾਈ 2022 ਵਿੱਚ ਅੰਤਰਿਮ ਮੁਲਾਂਕਣ ਤੋਂ ਬਾਅਦ ਕ੍ਰਿਮੀਨਲ ਜਾਂਚ ਸ਼ੁਰੂ ਕੀਤੀ ਗਈ। ਇਸ ਮੁਲਾਂਕਣ ਮਗਰੋਂ ਆਰਗੇਨਾਈਜ਼ੇਸ਼ਨ ਦੇ ਦੋ ਮੁਲਾਜ਼ਮਾਂ ਨੂੰ ਨੌਕਰੀ ਤੋਂ ਹਟਾਅ ਦਿੱਤਾ ਗਿਆ। ਇਨ੍ਹਾਂ ਦੋਵਾਂ ਉੱਤੇ ਆਰਗੇਨਾਈਜ਼ੇਸ਼ਨ ਨਾਲ ਘਪਲਾ ਕਰਨ ਦਾ ਦੋਸ਼ ਲਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਵਿੱਚ ਪਾਇਆ ਗਿਆ ਕਿ ਇਨ੍ਹਾਂ ਦੋਵਾਂ ਮਸ਼ਕੂਕਾਂ ਨੇ ਰਲ ਕੇ ਆਰਗੇਨਾਈਜ਼ੇਸ਼ਨ ਨੂੰ 250,000 ਡਾਲਰ ਦਾ ਚੂਨਾ ਲਾਇਆ। ਇਸ ਦੇ ਨਤੀਜੇ ਵਜੋਂ ਪੁਲਿਸ ਨੇ ਸੋਮਵਾਰ ਨੂੰ ਐਨਕਾਸਟਰ, ਓਨਟਾਰੀਓ ਦੇ 43 ਸਾਲਾ ਮੈਰੀਨੋਕੇਡਰ ਤੇ ਐਕਟਨ, ਓਨਟਾਰੀਓ ਦੇ 46 ਸਾਲਾ ਆਂਦਰੇ ਪਾਲ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ। ਕੇਡਰ ਪੀਲ ਕੈਸ ਵਿਖੇ ਫਾਇਨਾਂਸ, ਪ੍ਰਾਪਰਟੀ ਤੇ ਇਨਫਰਮੇਸ਼ਨ ਤਕਨਾਲੋਜੀ ਦਾ ਸਾਬਕਾ ਡਾਇਰੈਕਟਰ ਸੀ ਤੇ ਪਾਲ ਸਾਬਕਾ ਪ੍ਰਾਪਰਟੀ ਮੇਨਟੇਨੈਂਸ ਕੋਆਰਡੀਨੇਟਰ ਸੀ। ਕੇਡਰ ਉੱਤੇ 5,000 ਡਾਲਰ ਤੋਂ ਵੱਧ ਦਾ ਫਰਾਡ ਕਰਨ ਦੇ ਸੱਤ ਚਾਰਜਿਜ਼ ਤੇ ਜਾਅਲੀ ਦਸਤਾਵੇਜ਼ ਤਿਆਰ ਕਰਨ ਸਬੰਧੀ ਪੰਜ ਚਾਰਜਿਜ਼ ਲਾਏ ਗਏ ਹਨ। ਜਾਅਲੀ ਦਸਤਾਵੇਜ਼ ਤਿਆਰ ਕਰਨ ਲਈ ਪਾਲ ਖਿਲਾਫ ਤਿੰਨ ਚਾਰਜਿਜ਼ ਲਾਏ ਗਏ ਹਨ। ਦੋਵਾਂ ਨੂੰ 2 ਜਨਵਰੀ ਨੂੰ ਬਰੈਂਪਟਨ, ਓਨਟਾਰੀਓ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## ਜਗਤ ਗੁਰ ਪੀਰ ਗੁਰੂ ਬਾਬਾ ਨਾਨਕ

-ਮਨਦੀਪ ਕੌਰ ਭੰਮਰਾ



ਜਗਤ ਗੁਰ ਪੀਰ ਬਾਬਾ ਨਾਨਕ ਨੇ ਸਾਡੇ ਨਾਨਕ,
ਪੀਰਾਂ ਦੇ ਪੀਰ ਜੋ ਬਾਬਾ ਨਾਨਕ ਨੇ ਸਾਡੇ ਨਾਨਕ,
ਨਨਕਾਣੇ ਦੀ ਧਰਤ ਵਿਖੇ ਜਨਮੇ ਨੇ ਸਾਡੇ ਨਾਨਕ,
ਪਵਿੱਤਰ ਕਰਤੀ ਧਰਤੀ ਉਨ੍ਹਾਂ ਜੋ ਨੇ ਸਾਡੇ ਨਾਨਕ।
ਮਾਤਾ ਤਰਿਪਤਾ ਅਤੇ ਪਿਤਾ ਸਨ ਮਹਿਤਾ ਕਾਲੂ ਜੀ,
ਭੈਣ ਸਨ ਬੇਬੇ ਨਾਨਕੀ ਜੋ ਬਹੁਤ ਹੀ ਦਿਆਲੂ ਸੀ,
ਦਾਈ ਦੌਲਤਾਂ ਨੇ ਦਰਸ਼ਨ ਕੀਤੇ ਤੇ ਮੁਸਕੁਰਾਏ ਸੀ,
ਭਾਈਆ ਜੈ ਰਾਮ ਜੀ ਵੀ ਨਾਨਕ ਦੇ ਸ਼ਰਧਾਲੂ ਸੀ।
ਆਮ ਕੋਈ ਬਾਲ ਨਹੀਂ ਸੀ ਨਾਨਕ ਨਿਰੰਕਾਰੀ ਸੀ,
ਭੈਣ ਸੀ ਜਾਣਦੀ ਕਿ ਓਦ੍ਹਾ ਵੀਰਾ ਤਾਂ ਲਾਸਾਨੀ ਸੀ,
ਬਾਬਲ ਨੇ ਮਾਰ ਚਪੇੜਾਂ ਗੱਲ੍ਹਾਂ 'ਤੇ ਸਨ ਨੀਲ ਪਾਏ,
ਭੈਣ ਨੇ ਡਾਢਾ ਰੋਸ ਕੀਤਾ ਬਾਬਲ ਦੀ ਨਾਦਾਨੀ ਸੀ।
ਪਾਂਧੇ ਨੂੰ ਪੜ੍ਹਨੇ ਪਾਇਆ ਨਾਨਕ ਨੇ ਬਾਲ ਉਮਰੇ,
ਜਨੇਊ ਉਹ ਪਾ ਦੇ ਮੇਰੇ ਜੋ ਟੁੱਟੇ ਨਾ ਲੱਥੇ ਤਾਉਮਰੇ,
ਕਾਜ਼ੀ ਨੂੰ ਵੀ ਸਮਝਾਤਾ ਨਾਨਕ ਬਾਲ ਮਹਾਨ ਸਨ,
ਨਾਨਕ ਦੱਸਣ ਲੱਗੇ ਗੱਲਾਂ ਵੱਡੀਆਂ ਨਿੱਕੀ ਉਮਰੇ।
ਨਾਨਕ ਫਿਰ ਵੱਡੇ ਹੋਏ ਤਾਂ ਲਾ ਕੇ ਸਮਾਧੀ ਬੈਠਦੇ,
ਪਿਤਾ ਪਟਵਾਰੀ ਨੂੰ ਚਿੰਤਾ ਹੁੰਦੀ ਸਭ ਕੁੱਝ ਦੇਖਕੇ,
ਚਾਹੁੰਦੇ ਸੀ ਮਹਿਤਾ ਕਾਲੂ ਨਾਨਕ ਕੋਈ ਕਾਰ ਕਰੇ,
ਚੁੱਪਚਾਪ ਰਹਿੰਦੇ ਪੁੱਤਰ ਨੂੰ ਦੇਖ ਸੀ ਉਹ ਝੂਰਦੇ।
ਸਾਖੀ ਵੀਹ ਰੁਪਿਆਂ ਵਾਲ਼ੀ ਅਸੀਂ ਸਭ ਹਾਂ ਸੁਣਦੇ,
ਵਣਜ ਨੂੰ ਦਿੱਤੀ ਜੋ ਪੂੰਜੀ ਨੂੰ ਅੱਜ ਤੱਕ ਹਾਂ ਗਿਣਦੇ,
ਲੰਗਰਾਂ ਦੀ ਪ੍ਰਥਾ ਚੱਲਦੀ ਅੱਜ ਨਾਨਕ ਦੇ ਸਦਕੇ,
ਨਾਨਕ ਦੇ ਸਿੱਖ ਗੁਰੂ ਨਾਨਕ ਦੀ ਬਾਣੀ ਹਾਂ ਸੁਣਦੇ!
ਨਾਨਕ ਨੇ ਪੰਥ ਚਲਾਇਆ ਦੁਨੀਆਂ ਤੋਂ ਨਿਆਰਾ,
ਇੱਕ ਰਬਾਬੀ ਮਰਦਾਨਾ ਸੀ ਬਹੁ ਸੰਗੀ ਪਿਆਰਾ,
ਪੈਦਲ ਹੀ ਤੁਰਦੇ ਸੀ ਚਾਹੇ ਪੈਰੀਂ ਹੋਵੇ ਕੋਈ ਛਾਲਾ,
ਬਾਲਾ ਵੀ ਕਹਿੰਦੇ ਨੇ ਜਾਂ ਮਰਦਾਨਾ ਹੋਵੇ ਦੁਲਾਰਾ।
ਨਾਨਕ ਕਲ਼ਯੁੱਗ ਦੇ ਅਵਤਾਰ ਸਨ ਤਾਰਨ ਆਏ,
ਨਿਰੰਕਾਰ ਨੇ ਆਪ ਭੇਜੇ ਨਾਨਕ ਨਿਰੰਕਾਰੀ ਆਏ,
ਦੁਨੀਆਂ 'ਤੇ 'ਨ੍ਹੇਰੀ ਸੀ ਪਰਜਾ ਬਹੁਤ ਦੁਖਿਆਰੀ,
'ਰਾਜੇ ਸ਼ੀਂਹ ਮੁਕੱਦਮ ਕੁੱਤੇ'ਨਾਨਕ ਨੇ ਗੀਤ ਗਾਏ।
ਧਰਮਾਂ ਨੂੰ ਨਾਨਕ ਕਹਿੰਦੇ ਸਾਰੇ ਹੀ ਮਹਾਨ ਹਨ,
ਧਰਮ ਦੇ ਠੇਕੇਦਾਰ ਉਹ ਜਾਣਦੇ ਕਿ ਸ਼ੈਤਾਨ ਸਨ,
ਨਾਥਾਂ ਤੇ ਜੋਗੀਆਂ ਨੂੰ ਬਾਲ ਨਾਨਕ ਸਮਝਾਇਆ,
ਸਾਰੇ ਹੀ ਪਾਂਡੇ,ਪੰਡਿਤ ਤੇ ਕਾਜ਼ੀ ਬੜੇ ਹੈਰਾਨ ਸਨ।
ਗੁਰੂ ਨੇ ਮਿਸ਼ਨ ਦੀ ਖਾਤਰ ਜੀਵਨ ਜਦ ਲਾਇਆ,
ਮਾਰਿਆ ਸਿੱਕਾ ਧਰਮ ਦਾ ਨਵਾਂ ਪੰਥ ਚਲਾਇਆ,
ਮਾਨਵਤਾ ਦੀ ਰਾਖੀ ਲਈ ਵਾਰਿਆ ਜਿਸ ਜੀਵਨ,
ਅੰਤ ਵਿੱਚ ਹਲ਼ ਚਲਾਏ ਕਰਤਾਰਪੁਰ ਵਸਾਇਆ।
ਜਿਤਨੀ ਵੀ ਕਰੀਏ ਥੋੜ੍ਹੀ ਨਾਨਕ ਦੀ ਵਡਿਆਈ,
ਅਸਲੀ ਜੋ ਧਰਮ ਦੀ ਸੇਵਾ ਨਾਨਕ ਦੇ ਹਿੱਸੇ ਆਈ,
ਹਰ ਇੱਕ ਨੂੰ ਜਾਪੇ ਨਾਨਕ ਉਸੇਦੇ ਨੇ ਜੋ ਨਾਮਲੇਵਾ,
ਕਿਰਤ, ਨਾਮ ਤੇ ਵੰਡ ਛਕਣ ਦੀ ਸੀ ਰੀਤ ਚਲਾਈ।
ਤੇਰਾ ਤੇਰਾ ਤੋਲਿਆ ਸੀ ਜਦ ਨਾਨਕ ਨੇ ਮੋਦੀਖਾਨੇ,
ਕਿਸੇ ਨੇ ਕੰਨ ਭਰੇ ਤੋਲਣ ਤੇ ਨਿਕਲ਼ੇ ਸੀ ਵੱਧ ਦਾਣੇ,
ਬਰਕਤਾਂ ਨੇ ਗੁਰੂ ਨਾਨਕ ਦੇ ਨਾਂ ਦੀ ਹੁੰਦੀ ਕਮਾਈ,
ਖਾਂਦੇ ਨੇ ਮੰਨਣ ਵਾਲ਼ੇ ਨਾਨਕ ਦੇ ਹੀ ਦਿੱਤੇ ਜੋ ਖਾਣੇ।
ਬਹੁਤ ਕੁੱਝ ਕਹਿ ਸਕਦੇ ਹਾਂ ਨਾਨਕ ਹਨ ਨਿਆਰੇ,
ਮੇਰੀ ਕਲਮ ਦੀ ਕੀ ਔਕਾਤ ਲਿਖੇ ਜੋ ਨਾਨਕ ਬਾਰੇ,
ਚਾਹੀਦਾ ਸੀ ਸਾਨੂੰ ਅਸੀਂ ਨਾਨਕ ਨੂੰ ਸਮਝ ਸਕਦੇ,
ਅਸੀਂ ਮੁੱਲ ਨਹੀਂ ਸਮਝੇ ਬਣੇ ਨਾਨਕ ਸਾਡੇ ਸਹਾਰੇ।
ਸੱਚਾਂ ਨੂੰ ਦਰਸਾਉਣ ਲਈ ਨਾਨਕ ਨੇ ਬਾਣੀ ਰਚੀ,
ਜਪੁਜੀ, ਆਸਾ ਦੀ ਵਾਰ, ਆਰਤੀ ਜੋ ਪੜ੍ਹਦੇ ਅਸੀਂ,
ਬਾਕੀ ਦੇ ਸਭ ਸ਼ਬਦ ਗੁਰੂ ਗਰੰਥ ਅੰਦਰ ਦਰਜ ਨੇ,
ਗੁਰੂ ਨਾਨਕ ਤੇ ਬਾਕੀ ਗੁਰੂਆਂ ਨੂੰ ਹਾਂ ਮੰਨਦੇ ਅਸੀਂ।
ਗੁਰੂ ਨਾਨਕ ਦੀ ਜੋਤ ਦਸਾਂ ਗੁਰੂਆਂ ਵਿੱਚ ਵਰਤੀ,
ਗੁਰੂ ਨਾਨਕ ਜਿੱਥੇ ਵੀ ਪੈਰ ਪਾਏ ਪਾਕ ਹੈ ਧਰਤੀ,
ਕੌਡੇ ਤੇ ਸੱਜਣ ਤਾਰੇ ਨਾਨਕ ਨੇ ਸੀ ਪੰਜਾ ਲਾਇਆ,
ਦੂਰ ਦੁਰਾਡੇ ਗਏ ਨਾਨਕ ਬਾਣੀ ਵੀ 'ਕੱਠੀ ਕਰਤੀ।
ਫਰੀਦ ਦੀ ਬਾਣੀ ਲਿਆਏ ਪਾਕਪਟਨ ਜਦ ਗਏ,
ਕਬੀਰ ਨੂੰ ਮਿਲਣ ਨਾਨਕ ਮਧਹਰ ਵੀ ਸਨ ਗਏ,
ਨਾਨਕ ਨੇ ਮੱਕਾ ਘੁਮਾਇਆ ਕਹਾਣੀ ਹਾਂ ਸੁਣਦੇ,
ਜਗਨਨਾਥ ਪੁਰੀ ਵੀ ਆਰਤੀ ਵਿੱਚ ਸ਼ਾਮਲ ਹੋਏ।
ਜਿੱਥੇ ਵੀ ਗਏ ਨਾਨਕ ਉੱਥੋਂ ਦੀ ਭਾਸ਼ਾ ਬੋਲੀ ਹੋਵੇ,
ਨਾਨਕ ਨੇ ਗੁਰਮੁਖੀ ਵਰਤੀ ਲੋਕਾਂ ਨੂੰ ਸਮਝ ਹੋਵੇ,
ਨਾਨਕ ਕੋਈ ਆਮ ਨਹੀਂ ਉਹ ਹਨ ਮਹਾਂਮਾਨਵ,
ਗੁਣ ਨਹੀਂ ਜਾਣ ਸਕਦੇ ਅਸੀਂ ਕਿੰਨ੍ਹੀ ਅਕਲ ਹੋਵੇ।
ਨਾਨਕ ਮੱਝਾਂ ਚਾਰੀਆਂ ਅਤੇ ਨਾਨਕ ਨੇ ਹਲ਼ ਵਾਹੇ,
ਗ੍ਰਹਿਸਥੀ ਜੀਵਨਾਂ ਦੇ ਸਿੱਖਾਂ ਨੂੰ ਅਰਥ ਸਮਝਾਏ,
ਸਿੱਖੀ ਦੇ ਜੀਵਨ ਅੰਦਰ ਗ੍ਰਹਿਸਥੀ ਨੂੰ ਮਾਨਤਾ ਦੇ,
ਔਰਤ ਨੂੰ ਦਰਜਾ ਦੇ ਕੇ ਉਸਦੇ ਅਧਿਕਾਰ ਦਿਵਾਏ।
ਨਾਨਕ ਨੇ ਉਸ ਗ੍ਰਹਿਸਥ ਨੂੰ ਆਪ ਅਪਣਾਇਆ,
ਮਾਤਾ ਸੁਲੱਖਣੀ ਜੀ ਨਾਲ਼ ਵਿਆਹ ਕਰਵਾਇਆ,
ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਦਾਸ ਸਨ ਜਨਮੇ,
ਬਟਾਲੇ ਦੀ ਧਰਤੀ ਨੂੰ ਦੁਨੀਆਂ ਉੱਤੇ ਰੁਸ਼ਨਾਇਆ।
'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦੇ,
ਖਲਕਤ ਨੂੰ ਸ਼ਬਦ ਆਖੇ ਨਾਨਕ ਨੇ ਰਾਖੇ ਨਾਰੀ ਦੇ,
ਬਾਬਰ ਨੂੰ ਮਿਹਣੇ ਮਾਰੇ ਸੀ ਸਮੇਂ ਦਾ ਹਾਕਮ ਰਿਹਾ,
ਲੋਕਾਈ ਦੇ ਹੱਕਾਂ ਲਈ ਬਾਬਰ ਦੀ ਕੈਦ ਵਿੱਚ ਗਏ।
ਕੀ ਕੀ ਗੱਲਾਂ ਆਖਾਂ ਮੈਂ ਗੁਰੂ ਨਾਨਕ ਮਹਾਨ ਬਾਰੇ,
ਮਨੁੱਖ ਦੇ ਜਾਮੇ ਵਿੱਚ ਨਾਨਕ ਸਨ ਰੱਬ ਦੇ ਦੁਲਾਰੇ,
ਅਸੀਂ ਨਾਨਕ ਦੀ ਬਾਣੀ ਪੜ੍ਹੀਏ ਨਿਸ਼ਚਾ ਧਾਰ ਕੇ,
ਸਿੱਖੀ ਦੇ ਵਾਰਿਸ ਬਣੀਏ ਜੇ ਨਾਨਕ ਹਨ ਪਿਆਰੇ।
ਰਾਇ ਬੁਲਾਰ ਜੀ ਨੂੰ ਯਾਦ ਕਰਾਂ ਤੇ ਸੀਸ ਝੁਕਾਵਾਂ,
ਗੁਰੂ ਨਾਨਕ ਦੀਆਂ ਰਹਿਮਤਾਂ ਦਾ ਕਰਜ਼ ਚੁਕਾਵਾਂ,
ਹਰੇ ਭਰੇ ਖੇਤਾਂ ਨੂੰ ਦੇਖਣ ਕਦੋਂ ਕਰਤਾਰਪੁਰ ਜਾਵਾਂ,
ਮਨਦੀਪ ਸੋਚੇ ਜਾ ਚੁੰਮਾਂ ਓਹ ਮਿੱਟੀ ਮੱਥੇ ਨੂੰ ਲਾਵਾਂ।
ਸਾਡੇ ਸਭਨਾਂ ਦੇ ਗੁਰੂ ਨਾਨਕ ਰਹਿਮਤ ਦੇ ਪੁੰਜ ਨੇ,
ਸਾਡੀਆਂ ਸੁਰਤਾਂ ਵਿੱਚ ਵੱਸਦੇ ਜੋ ਉਂਝ ਦੇ ਉਂਝ ਨੇ,
ਅਸਾਂ ਕਰਮਾਂ ਵਾਲ਼ੇ ਹਾਂ ਜੀ ਗੁਰੂ ਨਾਨਕ ਦੇ ਸਦਕੇ,
ਦਸਾਂ ਗੁਰੂਆਂ 'ਚ ਜੋਤ ਵਰਤੀ ਸ਼ਬਦ ਸਭ ਕੁੱਝ ਨੇ।
ਸਿੱਖੀ ਮਹਾਨ ਧਰਮ ਦੁਨੀਆਂ ਵਿੱਚ ਹੈ ਨਿਆਰਾ,
ਕੌਮ ਅੱਜ ਦੋਫਾੜ ਹੋਈ ਹੈ ਨਹੀਂ ਦਿਸਦਾ ਕਿਨਾਰਾ,
ਖ਼ਾਲਸਾ ਪੰਥ ਰਹੇਗਾ ਦੁਨੀਆਂ ਉੱਤੇ ਸਦੀਵਕਾਲੀ,
ਨਾਨਕ ਅਵਤਾਰ ਸਾਡਾ ਸਾਂਝਾ ਹਰਮਨ ਪਿਆਰਾ।

( ਪੁਸਤਕ -"ਗੁਰੂ ਨਾਨਕ ਅਵਤਾਰ" ਵਿੱਚੋਂ)

# ਪੰਜਾਬੀ ਦਾ ਇਸਤਰੀ ਕਾਵਿ ਅਤੇ ਕਵਿਤਰੀਆਂ ਦਾ ਉਠਾਨ



-ਜਗਦੀਸ਼ ਸਿੰਘ ਚੋਹਕਾ-

ਜਿਹੜਾ ਦੇਸ਼ ਜਿਨਾਂ ਹੀ ਸਮਰਿੱਧ ਹੁੰਦਾ ਹੈ, ਸੁੱਖੀ ਹੁੰਦਾ ਹੈ। ਗਰੀਬੀ ਤੋਂ ਮੁਕਤ ਹੁੰਦਾ ਹੈ ਉਤਨੀ ਹੀ ਉਸਦੀ ਸਿਰਜਨਾਤਮਕ ਸ਼ਕਤੀ ਅਤਿ ਵਿਕਸਤ ਹੁੰਦੀ ਹੈ। ਇਹ ਸ਼ਕਤੀ ਕਵਿਤਾ, ਮੂਰਤੀਕਲਾ, ਕ੍ਰਿਤਕਲਾ, ਸੰਗੀਤਕਲਾ ਆਦਿ ਦੇ ਅਧਿਐਨ ਨਾਲ ਵੱਧ ਤੋਂ ਵੱਧ ਅਭਿਵਿਅਕਤੀ ਪਾਉਂਦੀ ਹੈ ਅਤੇ ਗਿਆਨ ਦੀ ਸੰਸਕ੍ਰਿਤੀ ਨੂੰ ਜੀਵਨ ਪ੍ਰਦਾਨ ਕਰਦੀ ਹੈ। ਭੁੱਖੇ ਅਭਾਵ-ਗ੍ਰਸਤ ਪੱਛੜੇ ਹੋਏ ਅਤੇ ਅਸੱਭਅ ਦੇਸ਼ਾਂ ਦੀ ਸੰਸਕ੍ਰਿਤੀ ਵੀ ਰੰਕ ਹੁੰਦੀ ਹੈ ! ਪੰਜਾਬ ਭਾਵੇਂ ਸਰਹੱਦੀ ਸੂਬਾ ਰਿਹਾ ਹੈ, ਪਰ ਇੱਥੋਂ ਦੇ ਨਿਵਾਸੀ ਸੰਗੀਤ, ਸਹਿਤ ਤੇ ਕਲਾ ਪ੍ਰੇਮੀ ਹੋਏ ਹਨ। 1500 ਪੂ.ਈ. ਦੇ ਨੇੜੇ ਤੇੜੇ ਆਰੀਆ ਲੋਕਾਂ ਦੇ ਪੰਜਾਬ ਵਿੱਚ ਆਉਣ ਨਾਲ ਲਗਪੱਗ ਇਕ ਹਜ਼ਾਰ ਵਰ੍ਹਿਆਂ ਲਈ ਜੋ ਇਤਿਹਾਸਕ ਤਸਵੀਰ ਉਘੜਦੀ ਹੈ ਉਹ ਸਰਾਸਰ ਉਹਨਾਂ ਧਾਰਮਿਕ ਗ੍ਰੰਥਾਂ ਉਤੇ ਅਧਾਰਿਤ ਹੈ ਜੋ ਆਰੀਆ ਲੋਕਾਂ ਦੀ ਕਿਰਤ ਮੰਨੀ ਜਾ ਸਕਦੀ ਹੈ। ਪੰਜਾਬ ਅੰਦਰ ਕਲਾ ਦੇ ਵਿਕਾਸ ਅੰਦਰ ਲੋਕ-ਕਲਾ (ਫੋਕ) ਦਾ ਵੱਡਾ ਯੋਗਦਾਨ ਰਿਹਾ ਹੈ। ਫੋਕ-ਕਲਾ ਦੀ ਸਿਰਜਣਹਾਰ ਸਾਡੀ ਪੰਜਾਬਣ ਹੈ ਜਿਸ ਨੇ ਇਸਤਰੀ ਨੂੰ ਕਈ ਤਰ੍ਹਾਂ ਦੀਆ ਹੀਣ-ਭਾਵਨਾਵਾਂ ਤੋਂ ਬਚਾ ਰੱਖਿਆ। ਬੱਚੇ ਦੇ ਜੰਮਣ 'ਤੇ ਉਹ ਦਰਵਾਜੇ ਉਤੇ ਸੱਜੇ-ਖੱਬੇ ਹੱਥਾਂ ਦੇ ਪੰਜੇ ਲਾਉਂਦੀ ਹੈ, ਕਾਲੇ ਰੰਗ ਨਾਲ ਲਾਇਆ ਠੱਪਾ, ਵਿਆਹ-ਸ਼ਾਦੀਆਂ ਸਮੇਂ 'ਤੇ ਉਲੀਕੇ ਗਏ ਨਮੂਨੇ,ਬਿੰਬ ਤੇ ਪ੍ਰਤੀਕ ਹੀ 'ਭਾਸ਼ਾ' ਦਾ ਰੂਪ ਧਾਰਦੇ ਗਏ ਹਨ। ਉਹ ਗੱਲਾਂ ਜਿਹਨਾਂ ਨੂੰ ਮੂੰਹੋਂ ਨਹੀਂ ਸਮਝਾਇਆ ਜਾ ਸਕਦਾ, 'ਇਹ ਬਿੰਬ ਹੀ ਸਮਝਾਉਂਦੇ ਹਨ ਜੋ ਇਸਤਰੀ ਦੀ ਅੰਦਰੂਨੀ ਮਾਨਸਿਕਤਾ (ਸਾਈਕੀ) ਦਾ ਪ੍ਰਤੀਕ ਹਨ।

ਇਸਤਰੀ ਦੇ ਅਰਧ ਚੇਤਨ ਅਤੇ ਚੇਤਨ ਮਨ ਵਿੱਚ ਉਭਰਦੇ ਹਾਵ-ਭਾਵ, ਸਮਾਜ ਦੇ ਤਸੀਹੇ, ਨਾਇਕ ਨੂੰ ਮਿਲਣ ਦੀ ਪ੍ਰਬਲ ਇੱਛਾ, ਸੰਯੋਗ-ਵਿਯੋਗ ਦੀਆਂ ਪ੍ਰਵਿਰਤੀਆਂ, ਇਸਤਰੀ ਦੀ ਸੁੰਦਰਤਾ ਲਈ ਨਕਸ਼ ਵਰਣਨ, ਤਰ੍ਹਾਂ-ਤਰ੍ਹਾਂ ਦੀਆਂ ਸਰੀਰਕ ਅੰਗ-ਭੰਗਿਆਵਾਂ, ਮੌਸਮ ਤਬਦੀਲ ਹੋਣ ਦੇ ਨਾਲ-ਨਾਲ ਇਸਤਰੀ-ਮਰਦ ਅੰਦਰ ਆਈ ਤਬਦੀਲੀ ਨੂੰ ਪੰਜਾਬ ਦੇ ਸਾਹਿਤਕ ਖੇਤਰ ਅੰਦਰ ਦੋਹਾਂ ਹੀ ਇਸਤਰੀ ਤੇ ਮਰਦ ਨੂੰ ਸਮੇਂ-ਸਮੇਂ ਅੰਦਰ ਕਾਵਿ ਰਚਨਾਵਾਂ ਲਈ ਜਨਮ ਦਿੱਤਾ। ਸਮੁੱਚੇ ਪੰਜਾਬ ਦੇ ਸਾਹਿਤਕ ਖੇਤਰ ਦੇ ਇਤਿਹਾਸ ਅੰਦਰ ਅੱਜ ਇਸਤਰੀ ਕਵਿਆਂ, ਉਹਨਾਂ ਦੀਆ ਕਾਵਿ ਰਚਨਾਵਾਂ ਅਤੇ ਕਲਾਵਾਂ ਦਾ ਸਮਾਜ ਅੰਦਰ ਵੱਡਾ ਯੋਗਦਾਨ ਰਿਹਾ ਹੈ। ਉਸ ਦਾ ਪੰਜਾਬੀ ਸੱਭਿਆਚਾਰ, ਵੰਨ-ਸੁਵੰਨਤਾ ਤੇ ਵਿਲੱਖਣਤਾ ਅੰਦਰ ਪੂਰੀ ਹਿੱਸੇਦਾਰੀ ਵੀ ਰਹੀ ਹੈ, ਪਰ ਸਮਾਜ ਅੰਦਰ ਮਰਦ-ਪ੍ਰਧਾਨ ਮਾਨਸਿਕਤਾ ਨੇ ਇਸਤਰੀ ਦੀ ਕਾਵਿ ਪ੍ਰਤਿਭਾ ਨੂੰ ਨਾ ਪਨਪਣ ਦਿੱਤਾ ਤੇ ਨਾ ਹੀ ਉਸਰਨ ਦਿੱਤਾ ?

ਹੜੱਪਾ ਦੀ ਖੁਦਾਈ ਤੋਂ ਪ੍ਰਾਚੀਨ ਪੰਜਾਬ ਦੇ ਗੌਰਵ ਦਾ ਬੇਅੰਤ ਭੰਡਾਰ ਮਿਲਿਆ ਹੈ। ਪੱਥਰ ਤੇ ਤਾਂਬੇ ਦੇ ਹਥਿਆਰ, ਖੇਤੀ ਸੰਦ, ਚਿਤਰ, ਮੂਲ ਲਿਪੀ ਦੇ ਨਿਸ਼ਾਨ, ਲਲਿਤ ਕਲਾਵਾਂ ਦੇ ਹਥਿਆਰ, ਬਰਤਨ, ਸੁੰਦਰ ਮੂਰਤੀਆਂ, ਗਹਿਣੇ, ਨੱਚਦੀ ਮੂਰਤੀ, ਦੇਵੀ ਮਾਤਾ ਦੀ ਮੂਰਤੀ ਅਤੇ ਹੋਰ ਕਈ ਤਰ੍ਹਾਂ ਦੇ ਚਿੰਨ੍ਹ ਜੋ ਉਸ ਸਮੇਂ ਦੀ ਉਨਤ ਸੱਭਿਅਤਾ ਦਾ ਪ੍ਰਤੀਕ ਹਨ ਮਿਲੇ। ਹੜੱਪਾ ਸੱਭਿਅਤਾ ਅੰਦਰ ਮਰਦ-ਇਸਤਰੀ ਦੋਨੋ ਕਲਾ-ਪ੍ਰਣਾਲੀ ਅੰਦਰ ਨਿਪੁੰਨ ਸਨ। ਬੁੱਧਾ-ਕਾਲ ਦੌਰਾਨ ਮਿਲੀਆਂ ਮੂਰਤੀਆਂ, ਸ਼ਿਲਾ-ਲੇਖ ਤੇ ਸਤੰਭਾਂ ਉਪਰ ਉਕਰੀਆਂ ਕਲਾ-ਕਿਰਤੀਆਂ ਦੀ ਅਗਵਾਨੀ ਹੜੱਪਾ ਤੋਂ ਉਤਾਰੀ ਲੱਗਦੀ ਹੈ। ਰਿਗਵੇਦ ਵਿੱਚ ਜੋ ਭੂਗੋਲਿਕ ਹਵਾਲੇ ਹਨ ਉਨਾਂ ਵਿੱਚ ਸਭ ਤੋਂ ਪ੍ਰਮੁੱਖ ਵਰਣਨ ਸਪਤ ਸਿੰਧੂ ਦਾ ਹੈ, ਜੋ ਅੱਜ ਦੇ ਪੰਜਾਬ ਦਾ ਪ੍ਰਾਚੀਨ ਨਾਮ ਹੈ। ਰਿਗਵੇਦ ਤੋਂ ਤਤਕਾਲੀ ਪੰਜਾਬੀ ਸੱਭਿਆਚਾਰ 'ਤੇ ਜੀਵਨ ਦੀ ਝਲਕ ਮਿਲਦੀ ਹੈ।

ਉਦੋਂ ਪਰਿਵਾਰ ਅਧਾਰਤ ਸਮਾਜ ਸੀ ਤੇ ਪਤਨੀ ਦਾ ਪੂਰਾ ਸਤਿਕਾਰ ਸੀ। ਮਰਦ ਅਤੇ ਇਸਤਰੀ ਦੇ ਸੰਬੰਧਾਂ ਦੀ ਮਨੋ-ਵਿਗਿਆਨਕ ਚਰਚਾ ਪਰੂਰਵਾ (ਨਾਇਕ) ਤੇ ਉਰਵਸ਼ੀ (ਨਾਇਕਾ), ਅਗਸਤਯ ਅਤੇ ਲੋਪਾਮੁਦ੍ਰਾ ਅਤੇ ਯਮ ਤੇ ਯਮੀ ਦੇ ਸੰਵਾਦਾਂ ਰਾਹੀਂ ਪੇਸ਼ ਕੀਤੀ ਗਈ ਸੀ (ਸੋਸਦੀਸ: ਰਿਤਵਜਾ ਪ੍ਰਚਰੰਤਿ) ਮਿਲਦੀ ਹੈ। ਭਾਵ ਇਸਤਰੀ ਵੀ ਆਪਣੇ ਵਿਚਾਰ ਸੰਵਾਦਾਂ ਰਾਹੀਂ ਪ੍ਰਗਟ ਕਰਦੀ ਸੀ।

ਪੰਜਾਬ ਦਾ ਇਤਿਹਾਸ ਲੰਬੇ ਸਮੇਂ ਤੋਂ ਕਬੀਲਦਾਰੀ, ਰਾਜਾਸ਼ਾਹੀ, ਜਾਗੀਰਦਾਰੀ, ਬੱਸਤੀਵਾਦ ਦੇ ਕਾਲ ਅੰਦਰ ਮਰਦ ਪ੍ਰਧਾਨ ਸਮਾਜ ਹੀ ਕਾਬਜ਼ ਰਿਹਾ ਹੈ, ਜੋ ਮਨੁੱਖੀ ਸੰਬੰਧਾਂ ਉਪਰ ਵੀ ਪ੍ਰਭਾਵ ਪਾਉਂਦਾ ਰਿਹਾ ਹੈ। ਸ਼ੁਰੂ ਤੋਂ ਹੀ ਇਸਤਰੀ ਨੂੰ ਇਨ੍ਹਾਂ ਯੁੱਗਾਂ ਅੰਦਰ ਅਧੀਨਗੀ ਹੇਠ, ਮਨ-ਪਰਚਾਵਾਂ ਅਤੇ ਘਰ ਦੀ ਚਾਰਦੀਵਾਰੀ ਅੰਦਰ ਹੀ ਡੱਕ ਕੇ ਰੱਖਿਆ ਗਿਆ। ਉਸ ਤੋਂ ਸਦਾ ਤਿਆਗ, ਕੁਰਬਾਨੀ 'ਤੇ ਮਮਤਾ ਦੀ ਉਮੀਦ ਰੱਖੀ। ਭਾਵੇਂ ਉਸ ਦੇ ਮਨੋ-ਸੰਵਾਦਨਾ ਅੰਦਰ ਉਠਾਨ ਆਇਆ, ਵਲਵਲੇ ਪੈਦਾ ਹੋਏ, ਗੁੱਸਾ ਤੇ ਵਿਦਰੋਹ ਨੇ ਵੀ ਜਨਮ ਲਿਆ, ਪਰ ਸਦੀਆਂ ਦੀ ਲਤਾੜੀ ਉਹ ਨਾ ਬੋਲ ਸਕੀ, ਬੋਲੀ ਤਾਂ ਸੁਣੀ ਨਾ ਗਈ ਜਾਂ ਫਿਰ ਉਸ ਦੀ ਭਾਵਨਾ ਦੇ ਉਲਟ ਅਰਥ ਕੱਢ ਲਏ ਗਏ ?

ਸਗੋਂ ! ਤਾਂ ਇਸਤਰੀ ਨੇ ਆਪਣੇ ਵਲਵੱਲਿਆਂ, ਵਿਦਰੋਹ ਅਤੇ ਗੁੱਸੇ ਨੂੰ ਆਪਣੇ ਢੰਗ ਨਾਲ ਬਿੰਬਾਂ, ਇਸ਼ਾਰਿਆਂ ਅਤੇ ਲੋਕ ਗੀਤਾਂ ਰਾਹੀ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਸਦੀਆਂ ਤੋਂ ਇਸਤਰੀ ਦੇ ਮਨ ਦੀ ਵੇਦਨਾ ਨੂੰ ਲਿਖਤੀ ਰੂਪ ਵਿੱਚ ਆਉਣ ਲਈ ਕਈ ਸਦੀਆ ਲੱਗ ਗਈਆ। ਇਸਤਰੀ ਨੂੰ ਸਿਖਿਅਤ ਹੋਣ 'ਤੇ ਅਤੇ ਆਪਣੀ ਪਛਾਣ ਬਣਾਉਣ ਲਈ ਲਿਖਤੀ ਵੇਦਨਾ ਕਹਿਣ ਲਈ ਲੰਮਾ ਸਮਾਂ ਉਡੀਕਣਾ ਪਿਆ। ਇਹ ਗੱਲ ਤਾਂ ਪ੍ਰਮਾਣਿਕ ਹੈ ਕਿ ਕਾਵਿ ਰਚਨਾ ਵਾਰਤਕ ਤੋਂ ਪਹਿਲਾ ਜਨਮੀ ਹੈ। ਕਵਿਤਾ ਦਾ ਸੰਬੰਧ ਵਲਵੱਲੇ ਨਾਲ ਹੁੰਦਾ ਹੈ ਜੋ ਬੌਧਿਕ ਕਾਲ ਨਾਲੋ ਪਹਿਲਾ ਉਛਾਲਾਂ ਮਾਰਦੀ ਹੈ। ਪਰ ਜਦੋਂ ਕਿਸੇ ਵਿਅਕਤੀ ਪਾਸ ਆਪਣੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਭਾਸ਼ਾ ਦਾ ਮਾਧਿਅਮ ਤਾਂ ਹੋਵੇ ਪਰ ਅੱਖਰਾਂ ਦੇ ਗਿਆਨ ਦਾ ਉਸ ਨੂੰ ਅਭਾਵ ਹੋਵੇ ਫਿਰ ਉਸ ਦੇ ਅੰਦਰਲੇ ਜਜ਼ਬੇ ਜਦੋਂ ਉਸ ਦੀ ਹਿੱਕ ਦਾ ਕੜ ਪਾੜ ਕੇ ਬਾਹਰ ਆਉਂਦੇ ਹਨ ਤਾਂ ਉਹ ਲੋਕਾਂ ਦੀ ਜ਼ਬਾਨ ਦੇ ਰਾਜੇ ਹੋ ਜਾਂਦੇ ਹਨ। ਉਸ ਸਮੇਂ ਦੀਆਂ ਸਮਾਜਕ ਤੇ ਆਰਥਿਕ ਵਿਵੱਸਥਾਵਾਂ ਅਨੁਸਾਰ ਆਪਣੇ ਅੰਦਰ ਸਮੋਅ ਕੇ ਉਹ ਬੋਲ ਲੋਕਾਂ ਦੇ ਹੋ ਜਾਂਦੇ ਹਨ ਅਤੇ ਇੰਝ ਲੋਕ ਗੀਤਾਂ ਨੇ ਜਨਮ ਲਿਆ।

ਇਸਤਰੀ ਨੇ ਜਨਮ ਤੋਂ ਲੈ ਕੇ ਅੰਤਲੇ ਪਲਾ ਤਕ ਆਪਣੇ ਮਨ ਦੀ ਵੇਦਨਾ ਨੂੰ ਬੋਲਾ ਨਾਲ ਤਾਂ ਪੰਜਾਬੀ ਸਾਹਿਤ ਦੇ ਲੋਕ ਗੀਤਾਂ ਰਾਹੀ ਅਮੀਰ ਬਣਾਇਆ ਹੈ, ਪਰ ਕਾਵਿ ਦੇ ਬੌਧਿਕ ਕਾਰਜ ਅੰਦਰ ਬਹੁਤ ਸਾਰੀਆਂ ੍ਸ਼ਵਾਰੀਆਂ ਕਾਰਨ ਇਸ ਖੇਤਰ 'ਚ ਮਰਦਾ ਦੇ ਮੁਕਾਬਲੇ ਉਹ ਬਹੁਤ ਪਿਛੇ ਰਹਿ ਗਈ। ਇਸ ਘਾਟ ਨੂੰ ਦਰਸਾਉਂਦੀ ਮਾਂ ਦੀ ਧੀ ਨੂੰ ਸਿਖਿਆ ਇਹ ਕਹਿੰਦੀ ਹੈ:

"ਸੁਣ ਨੀ ਧੀਏ ਬੜੀ ਪਛਤਾਈ ਨਾਂਓ ਸੁਰਜੀਤੋ ਧਰ ਕੇ; ਸੁੱਤੀ ਪਈ ਨੂੰ ਜਾਗ ਨੀ ਆਉਂਦੀ ਦਿਨ ਨਾ ਜਾਂਦੈ ਚੜ੍ਹ ਕੇ;
ਅਧੀਆ ਨੇ ਤਾਂ ਦੁੱਧ ਨੀ ਰਿੜਕ ਲਏ ਅੱਧੀਆ ਨੇ ਡਾਹ ਲੇ ਚਰਖੇ; ਅੰਦਰੋ ਨਿਕਲੇ ਨੀ ਤੂੰ ਚੀਨਾ ਕਬੂਤਰ ਬਣਕੇ; ਅੱਖੀ ਪੁਛੇਗੀ ਫਿਰ ਲੜ ਢਾਡੀ ਦੇ ਫੜਕੇ ! ਰਿਗ-ਵੇਦ ਕਿਉਂਕਿ ਇਹ ਪੰਜਾਬ ਅੰਦਰ ਹੀ ਰੱਚਿਆ ਗਿਆ ਤੇ ਇਸ ਅੰਦਰ ਰਚਨਾ ਵੀ ਅਨੇਕਾਂ ਵਿਦਵਾਨਾਂ (ਰਿਸ਼ੀਆਂ) ਦੀ ਸਮੂਹਿਕ ਰਚਨਾ ਕਹੀ ਜਾ ਸਕਦੀ ਹੈ। ਰਿਗਵੇਦ ਅੰਦਰ ਰਿਸ਼ੀਆਂ ਦੇ ਨਾਲ -ਨਾਲ ਰਿਸ਼ਿਕਾਵਾਂ (ਭਾਵ ਪੰਜਾਬੀ ਇਸਤਰੀ ਕਵਿੱਤਰੀਆਂ) ਦਾ ਵਰਣਨ ਕਰਨਾ ਵੀ ਜਰੂਰੀ ਹੈ ਜਿਨ੍ਹਾਂ ਦੀ ਕਿਰਤ ਇਨ੍ਹਾਂ ਵੇਦਾਂ ਅੰਦਰ ਅੰਕਿਤ ਹੈ। ਇੰਦਰਾਣੀ, ਸ਼ਾਦਰੀਮਾਤਾ, ਰੋਮਾ, ਸ਼ੇਰਵਸੀ, ਲੋਪਮੁਦਰਾ, ਨਾਟਿਅਮਯਮੀ, ਨਾਰੀ, ਸ਼ਰਮਵਤੀ, ਸ਼ਰੀਰ, ਲਕਸ਼ਮੀ, ਸਰਪਰਜਨੀ, ਵਾਕਸ਼ਰਥਾ, ਔਸ਼ਾ, ਸੂਰੀਆ, ਸਵਿੱਤਰੀ, ਕੱਤਰੀ, ਦਕਸ਼ਿਣਾ, ਸੇਧਾ ਸਿਕਤਾ, ਕਿਦਾਵਰੀ, ਬ੍ਰਹਮਾ ਦਨਯਾ, ਡ੍ਰਿਪਤਾ, ਰਿਸ਼ਿਕਾ, ਘੋਸ ਆਦਿ ਅਤਿ ਸੁੰਦਰ ਇਸਤਰੀਆ ਜਿਨ੍ਹਾਂ ਨੂੰ ਗਿਆਨ ਅਤੇ ਸ਼ਕਤੀ ਨਾਲ ਏਨਾ ਪ੍ਰੇਮ ਸੀ ਕਿ ਉਨ੍ਹਾਂ ਦੀਆਂ ਰਚਨਾਵਾਂ ਰਿਗਵੇਦ ਦਾ ਅੰਗ ਬਣ ਗਈਆਂ। ਰਿਸ਼ਿਕਾ ਘੋਸ਼ ਦੇ ਦੋ ਸੰਪੂਰਨ ਸਲੋਕ ਰਿਗਵੇਦ ਵਿੱਚ ਸ਼ਾਮਲ ਹਨ। ਘੋਸ਼ ਦਾ ਦੁਖਾਤ ਸੀ ਕਿ ਉਹ ਇਕ ਅਸਾਧ ਰੋਗ ਨੇ ਬਦਸੂਰਤ ਬਣਾ ਦਿੱਤੀ ਸੀ। ਉਹ ਰਿਸ਼ੀ ਦੀਰਘਤਮਸ ਦੀ ਪੋਤੀ ਤੇ ਰਿਸ਼ੀ ਕਕਸ਼ਵੀਤ ਦੀ ਪੁਤਰੀ ਸੀ। ਉਸ ਦਾ ਇਕ ਸਲੋਕ ਅਸ਼ਵਿਨ ਦੀ ਮਹਿਮਾ 'ਚ ਤੇ ਦੂਸਰਾ ਸਲੋਕ ਉਸ ਨੇ ਆਪਣੇ ਦਿਲ ਦੀ ਵੇਦਨਾ ਅਤੇ ਵਿਆਹੁਤਾ ਜੀਵਨ ਦੀ ਕਾਮਨਾ ਉਜਾਗਰ ਕਰਕੇ ਉਚਾਰਿਆ ਸੀ। ਰਿਸ਼ੀ ਵਾਚਕਨੂੰ ਦੀ ਪੁੱਤਰੀ ਗਾਰਗੀ ਨੂੰ ਕਾਵਿਕ-ਦਾਰਸ਼ਨਿਕ ਨਿਪੁੰਨਤਾ ਦੇ ਪੱਖੋ ਸਭ ਤੋਂ ਸਿਰ-ਕੱਢ ਰਿਸ਼ੀਕਾ (ਇਸਤਰੀ ਕਵਿਤਰੀ) ਕਹਿਣਾ ਨਾਵਾਜਬ ਨਹੀਂ ਹੋਵੇਗਾ! ਉਹ ਅਨੇਕ ਸਲੋਕਾਂ ਦੀ ਕਰਤਾ ਹੈ ਜਿਸ ਵਲੋਂ ਸੰਸਾਰ ਦੇ ਅਰੰਭ ਬਾਰੇ ਗੰਭੀਰ ਚਰਚਾ ਕੀਤੀ ਗਈ ਹੈ। ਉਹ ਸੰਵਾਦਾਂ ਦੇ ਜਵਾਬ ਵਿੱਚੋਂ ਨਵਾਂ ਸਵਾਲ ਕੱਢਣ ਦੀ ਨਿਪੁੰਨ ਮੰਨੀ ਜਾਂਦੀ ਸੀ। ਭਾਵ ਵੇਦਕਾਲ ਦੇ ਪੰਜਾਬ ਅੰਦਰ ਪੰਜਾਬਣਾਂ ਦੀ ਕਾਵਿ-ਪ੍ਰਤਿਬਾ ਸਾਨੀ ਹੁੰਦੀ ਸੀ।

ਪਾਰ ਕਾਲ ਦੇ ਬੀਤਣ ਬਾਦ ਪੰਜਾਬ ਦੀਆਂ ਪ੍ਰਸਥਿਤੀਆਂ 'ਚ ਕਈ ਤਬਦੀਲੀਆਂ ਆਉਂਦੀਆਂ ਗਈਆਂ। ਪੰਜਾਬ ਅੰਦਰ ਦਾਰਸ਼ਨਿਕ ਕਾਵਿ-ਰਚਨਾਵਾਂ ਅੰਦਰ ਨਵੇਂ ਤੋਂ ਨਵੇਂ ਖੱਪੇ ਆਉਂਦੇ ਗਏ ਅਤੇ ਰਚਨਾਕਾਰੀ ਅੰਦਰ ਬੰਜਰਤਾ ਵੀ ਆਉਂਦੀ ਗਈ। ਪਰ ਫਿਰ ਵੀ ਪੰਜਾਬ ਅੰਦਰ ਬਨਾਂਵੀਆਂ, ਅਣਜਾਣੀਆਂ ਅਤੇ ਵਿਸਰੀਆਂ ਪੰਜਾਬਣਾਂ ਨੇ ਆਪਣੇ ਦਿਲ ਦੀਆਂ ਡੂੰਘਾਈਆਂ ਅੰਦਰ ਉਠੀਆਂ ਭਾਵਨਾਵਾਂ ਨੂੰ ਵੱਖੋ ਵੱਖ ਰੂਪਾਂ 'ਚ ਚਿਤਨਣ, ਅੱਗੋ ਆਪਣੇ ਧੀਆਂ-ਪੁੱਤਰਾਂ ਅਤੇ ਸਮਾਜ ਨੂੰ ਸੌਂਪੇ ਬੇਸ਼ੁਮਾਰ ਲੋਕ ਗੀਤਾਂ, ਬਾਤਾਂ ਅਤੇ ਟੋਟਕਿਆਂ ਰਾਹੀ ਪੰਜਾਬੀ ਅੰਦਰ ਅਨਮੋਲ, ਕਾਵਿ ਪੂੰਜੀ ਨੂੰ ਸਾਡੇ ਤੱਕ ਪੁੱਜਦਾ ਕੀਤਾ ਹੈ। ਇਸਤਰੀ ਨੇ ਜਨਮ ਤੋਂ ਲੈ ਕੇ ਮਰਨ ਤਕ, ਜੀਵਨ ਦੇ ਹਰ ਦੌਰ ਅੰਦਰ ਲੋਕ-ਗੀਤਾਂ ਰਾਹੀ ਇਸਤਰੀ ਕਾਵਿ ਦੇ ਇਤਿਹਾਸ ਨੂੰ ਮਜ਼ਬੂਤ ਕੀਤਾ। ਪੰਜਾਬ ਅੰਦਰ ਲੋਕਗੀਤ ਵੀ ਵੱਡੀ ਹੱਦ ਤਕ ਇਸਤਰੀਆਂ ਦੇ ਰਚਨਾ-ਖੇਤਰ ਹੀ ਰਹੇ, ਮਰਦ-ਪ੍ਰਧਾਨ ਸਮਾਜ ਅੰਦਰ ਭਾਵੇਂ ਇਸਤਰੀਆਂ ਦਾ ਲੋਕਗੀਤ ਕਾਵਿ ਖੇਤਰ ਵੀ ਸਾਹ-ਘੁਟਵਾਂ ਰਿਹਾ, ਫਿਰ ਵੀ ਉਹਨਾਂ ਨੇ ਇਸ ਅੰਦਰ ਵੰਨ- ਸੁਵੰਨੇ ਜਜ਼ਬਿਆ ਦਾ ਖੁਲ੍ਹਕੇ ਕਾਰਗਾਰ ਪ੍ਰਗਟਾਵਾ ਕੀਤਾ। ਉਹਨਾਂ ਦੇ ਹਿਸੇ ਭਾਵੇ ਰੋਹ ਤੇ ਰੋਸ ਸੀ, ਫਿਰ ਵੀ ਉਹਨਾਂ ਦੀ ਹੂਕ ਅੰਦਰ ਪਿਆਰ ਹੈ, ਵਿਛੋੜਾ ਹੈ, ਸੁਹਣੇ ਪ੍ਰਤੀ ਕਾਮਨਾ ਤੇ ਤਾਂਘ ਸੀ। ਲੋਕ ਗੀਤ ਸੰਪੂਰਨ ਸਾਹਿਤਕ, ਵਿਚਾਰਾਂ ਅੰਦਰ ਜਜ਼ਬਾਤੀ ਅਤੇ ਜ਼ਮਾਨੇ ਨਾਲ ਪੂਰਾ-ਮੇਲ ਖਾਂਦੇ ਸਨ।

ਆਰਥਿਕਤਾ ਅੰਦਰ ਟੁੱਟਿਆ ਪੇਂਡੂ ਜੀਵਨ ਕਿਸੇ ਅਣਦਿਸਦੇ ਦੁਸ਼ਮਣ ਵਿਰੁਧ ਲੋਕ ਗੀਤਾਂ ਅੰਦਰ ਆਪਣੀ ਧੜਾਸ ਰੱਖਦਾ ਹੈ। "ਮੰਦੇ ਪਿਆ ਪੁਰਾਣਾ ਕੱਪੜਾ, ਕੋਈ ਨਾ ਸੀਵੇ ਦਰਜੀ ਹੋ, ਕੋਈ ਨਾ ਮਿਲਿਆ ਦਿਲ ਦਾ ਮਹਿਰਮ, ਜੋ ਮਿਲਿਆ ਅਲਗ਼ਰਜੀ ਹੋ ! ਕੋਠੇ ਚੜ੍ਹ ਕੇ ਕੇਸ ਸੁਕਾਵਾਂ, ਰੋ ਰੋ ਚਿਠੀ ਵਾਚੀ ਹੋ,
ਹੱਥੋ ਫਰ ਫਰ ਕਾਗਜ਼ ਉਡਦੇ, ਸੋਝੀ ਸੂਰਤ ਗੁਆਚੀ ਹੋ।"

ਪ੍ਰੇਮੀ ਦਾ ਵਿਛੋੜਾ, ਬੰਦਿਸ਼ਾਂ ਅਤੇ ਪੀੜਾਂ ਦੇ ਪ੍ਰਗਟਾਵੇਂ ਰਾਹੀ ਵਿਯੋਗੀ ਹਾਲਤ; ਤੰਦ ਤੇਰਿਆ ਦੁੱਖਾਂ ਦਾ ਪਾਵਾਂ, ਲੋਕਾਂ ਭਾਵੇ ਕੱਤਾਂ ਪੂਣੀਆਂ, ਪੀੜਾ ਡਾਹੀਏ ਗੋਰੀਏ, ਵਿਹੜੇ ਬਹਿ ਜਾਈਏ ਗੋਰੀਏ, ਦੋ ਦੀਆਂ ਚਾਰ ਸੁਣਾਈਏ। ਪੰਜਾਬ ਦੇ ਸਾਹਿਤਕ ਪਿੜ ਅੰਦਰ ਹੋਈ ਨਿਰੰਤਰ ਖੋਜ ਨੇ ਕਵਿਤਰੀਆਂ ਦੇ ਇਤਿਹਾਸ ਅੰਦਰ ਸ਼ਰੁਤੀ-ਸਿਮ੍ਰਤੀ ਭਾਵ ਕਿਸੇ ਰਚਨਾ ਨੂੰ ਸੁਣ ਕੇ ਕੰਠ ਕਰਨ ਦੀ ਰੀਤ ਦਾ ਅਤੇ ਕਾਗਜ਼ ਉਤੇ ਰਚਨਾ ਨੂੰ ਉਤਾਰ ਕੇ ਭਵਿੱਖ ਲਈ ਸੰਭਾਲ ਕੇ ਰੱਖਣ ਨਾਲ ਸ਼ੁਰੂਆਤ ਹੋਈ। ਇਸ ਤੋਂ ਪਹਿਲਾ 1526 ਤੋਂ 1658 ਤਕ ਬਾਬਰ ਤੋਂ ਸ਼ਾਹਜਹਾਨ ਦੇ ਕਾਲ ਅੰਦਰ ਹਿੰਦੂ ਰਿਆਇਆ ਨਾਲ ਕੁਝ ਨਰਮੀ ਵਾਲਾ ਰਵੱਈਆਂ ਅਪਣਾਉਣ ਕਾਰਨ ਪੰਜਾਬ ਅੰਦਰ ਸਾਹਿਤ ਅਤੇ ਹੋਰ ਹੁਨਰ ਪਨਪੇ। ਸੂਫ਼ੀ-ਸੰਤ ਸਾਹਿਤ, ਸਿੱਖ-ਗੁਰਬਾਣੀ, ਰਾਜ ਸਾਹਿਤ ਤੇ ਕਲਾ, ਲਿਖਣ ਕਲਾ, ਚਿੱਤਰਕਾਰੀ ਆਦਿ ਵੱਧੇ-ਫੁੱਲੇ। ਪਰ ਔਰੰਗਜ਼ੇਬ ਦੇ ਕਾਲ ਦੌਰਾਨ ਸਾਰੀਆਂ ਕਲਾਵਾਂ ਪਿਛੇ ਧੱਕੀਆਂ ਗਈਆਂ। ਫਿਰ ਵੀ ਭਗਤੀ ਕਾਵਿ ਜਿਸ ਦਾ ਸੰਬੰਧ ਇਤਿਹਾਸਕ/ਮਿਥਿਹਾਸਕ ਘਟਨਾਵਾਂ ਨਾਲ ਸੀ ਪੰਜਾਬੀ ਸਾਹਿਤ ਵਿੱਚ (ਮਧਕਲੀਨੀ) ਉਪਲੱਬਧ ਹੈ। ਸਾਧੂ-ਸੰਤਾਂ ਦਾ ਆਪਣੀਆਂ ਭਾਵਨਾਵਾਂ ਕਵਿਤਾਵਾਂ ਰਾਹੀ ਪ੍ਰਗਟ ਕਰਨ ਦੀ ਇਕ ਰੀਤ ਸੀ। ਇਸ ਪ੍ਰੰਪਰਾ ਅਧੀਨ ਡੇਰਿਆ, ਧਰਮਸ਼ਲਾਵਾਂ, ਮੱਠਾਂ ਅੰਦਰ ਸੰਤਾਂ-ਸੰਤਨੀਆਂ ਦੇ ਸ਼ਰਧਾਲੂ ਉਹਨਾਂ ਕਾਵਿ-ਰਚਨਾ ਨੂੰ ਬਾਣੀ ਮੰਨ ਕੇ ਸੰਭਾਲਦੇ ਸਨ। ਭਾਵੇ ਇਨ੍ਹਾਂ ਡੇਰਿਆਂ ਅੰਦਰ ਇਸਤਰੀਆਂ ਵਰਜਿਤ ਸਨ ਪਰ ਹੌਲੀ-ਹੌਲੀ ਉਹ ਵੀ ਇਹਨਾਂ ਡੇਰਿਆਂ ਦਾ ਇਕ ਹਿਸਾ ਬਣ ਗਈਆਂ। ਉਹਨਾਂ ਅੰਦਰ ਵੀ ਪੜ੍ਹਨ, ਲਿਖਣ ਅਤੇ ਕਾਵਿ ਰਚਨਾਂ ਦੀ ਕਿਰਤ ਦੀ ਲਗਨ ਵੀ ਪੈਦਾ ਹੋ ਗਈ। ਸੰਤ-ਇਸਤਰੀ ਪੰਜਾਬੀ ਕਵਿਤਰੀਆਂ ਜਿਹਨਾਂ ਨੇ ਸਾਧ-ਭਾਸ਼ਾ ਵਿੱਚ ਪੰਜਾਬੀ ਸ਼ਬਦਾਂ ਦੇ ਛਿੱਟੇ ਖੁਲੇ ਦਿਲ ਨਾਲ ਮਾਰੇ। ਦੋ ਸਕੀਆਂ ਭੈਣਾਂ ਸੰਤ ਸਹਿਜੋ ਬਾਈ ਅਤੇ ਉਸ ਦੀ ਛੋਟੀ ਭੈਣ ਸੰਤ ਦਯਾ ਬਾਈ ਜੋ ਗੁਰੂ ਚਰਨਦਾਸ ਦੀਆਂ ਚੇਲੀਆ ਸਨ। ਸਹਿਜੋ ਦੀ ਰਚਨਾ 'ਚ :"ਸਭ ਪਰਬਤ ਸਿਆਹੀ ਨਹੂੰ,ਘੋਲੂ ਸਮੁੰਦਰ ਜਾਇ। ਧਰਤੀ ਕਾ ਕਾਗਦ ਕਰੂੰ, ਗੁਰੂ ਅਸਤੁਤਿ ਨਾ ਸਮਾਇ।' ਸਹਿਜੋ ਦੀ ਛੋਟੀ ਭੈਣ, ਦਯਾ ਬਾਈ ਦੀ ਰਚਨਾ ਦੋ ਪੋਥੀਆ ਅੰਦਰ ਮਿਲਦੀ ਹੈ "ਚਾਰ ਬੇਦ, ਛੇ ਸਾਸਤ੍ਰ ਹੈ; ਅਰ ਦਸ ਆਠ ਪੁਰਾਨ। ਸਭ ਗ੍ਰੰਥਨ ਕੋ ਸੋਧਿ ਕੇ, ਕੀਨੋ ਬਿਨਯ ਬਖਾਨ।" ਗੁਲਾਬਦਾਸੀ ਪ੍ਰੰਪਰਾ ਅੰਦਰ ਸੰਤਨੀਆਂ ਬਣਨ ਵਾਲੀਆਂ ਨੁਰੰਗੀ ਦੇਵੀ, ਪੀਰੋ ਪ੍ਰੇਮਣ ਅਤੇ ਕਈ ਹੋਰ ਵੀ ਸੰਤਨੀਆਂ ਸਨ। ਨੁਰੰਗੀ ਦੇਵੀ ਦੇ ਕਰੀਬ ਦਸ ਹਥ ਲਿਖਤ ਖਰੜੇ ਹਨ। ਕਿਉਂਕਿ ਗੁਲਾਬ ਦਾਸੀ ਪ੍ਰੰਪਰਾ ਕੁਝ ਉਦਾਰਵਾਦੀ ਸੀ, ਉਹਨਾਂ ਦੇ ਦੁਆਰ ਅੰਦਰ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਖੁਲ੍ਹ ਸੀ। ਗੁਲਾਬਦਾਸੀ ਕਵਿਤਰੀ ਵੱਜੋ ਪਹਿਲਾਂ-ਪਹਿਲ ਪੀਰੋ ਪ੍ਰੇਮਣ ਉਜਾਗਰ ਹੋਈ। ਸਹਿਜੋ ਸੰਤਣੀ 80 ਸਾਲ ਦੀ ਉਮਰ ਭੋਗ ਕੇ 1805 ਈ. ਨੂੰ ਪੂਰੀ ਹੋਈ ਸੀ। ਸਹਿਜੋ ਬਾਈ ਦੇ ਕਾਵਿ ਅੰਦਰ ਸੋਚ ਦਾ ਕੇਂਦਰ ਗੁਰੂ ਹੈ ਤੇ ਉਹ ਹੀ ਉਸ ਦੀ ਮੰਜ਼ਿਲ ਹੈ। ਉਹ ਸਾਫ਼ ਕਹਿੰਦੀ ਹੈ ਕਿ ਮੈਂ ਰਾਮ ਨੂੰ ਤਜ ਸਕਦੀ ਹਾਂ ਗੁਰੂ ਨੂੰ ਨਹੀਂ ।
ਜੋਗੀ ਪਾਵੇ ਜੋਗ ਸੂ, ਗਿਆਨੀ ਲਹੈ ਵਿਚਾਰ।
ਸਹਜੋ ਪਾਵੇ ਭਗਤੀ ਸੂੰ, ਜਾਕੇ ਪ੍ਰੇਮ ਅਧਾਰ।

ਜਦੋਂ ਗੁਲਾਬਦਾਸੀ ਕਵਿਤਰੀ ਵੱਜੋ ਪੀਰੋ ਪ੍ਰੇਮਣ ਉਜਾਗਰ ਹੋਈ ਤਾਂ ਛੇਤੀ ਹੀ ਇਕ ਹੋਰ ਗੁਲਾਬਦਾਸੀ ਕਵਿਤਰੀ ਨੁਰੰਗੀ ਦੇਵੀ ਪ੍ਰਗਟ ਹੋ ਗਈ ਜੋ ਪੀਰੋ ਤੋਂ ਦਸ-ਸਾਲ ਵੱਡੀ ਸੀ। ਨੁਰੰਗੀ ਦੇਵੀ ਵੀ ਪੀਰੋ ਵਾਂਗ ਜਾਤਾਂ ਤੇ ਧਰਮਾਂ ਦੀ ਕਥਿਤ ਲੱਜਾ 'ਚ ਨਿਕਲ ਕੇ ਸਵੈਮਾਣ ਮਹਿਸੂਸਦੀ ਹੈ; ਲਾਮ ਲੱਜਿਆ ਛੱਡ ਨਿਰਲੱਜ ਹੋਏ, ਬਰਨ ਆਸ਼ਮ ਕਾ ਪਿੰਜਰਾ ਛੋੜ ਕੇ ਜੀ। ਸਾਰ-ਤੱਤ ਦੇ ਪੱਖੇ ਪੀਰੋ ਦੀ ਕਵਿਤਾ ਨੁਰੰਗੀ ਦੇਵੀ ਨਾਲੋ ਪਰਤੱਖ ਵੱਖਰੀ ਹੈ।ਪੀਰੋ ਨੇ ਆਪਣੇ ਜੀਵਨ ਅੰਦਰ ਮਾਨਸਿਕ, ਬਗਾਵਤੀ ਸੁਭਾਅ ਤੇ ਸੰਤ ਗ਼ੁਲਾਬ ਦਾਸ ਦੀ ਓਟ ਲੈ ਕੇ ਜੀਵਨ 'ਚ ਅਪਮਾਨ ਨੂੰ ਧੋ-ਪੂੰਝ ਕੇ ਸਵੈਮਾਨੀ ਜੀਵਨ ਜੀਵਿਆ। ਪੰਜਾਬੀ ਕਵੀ ਮਹਿਮੂਦ ਆਵਾਨ ਦੇ ਕਥਿਨ ਅਨੁਸਾਰ ਪੀਰੋ ਤੋਂ ਪਹਿਲਾ ਦਾ ਦਾਈ ਖ਼ਫਲ ਖ਼ਾਤੂਨ ਹਿਫ਼ਜਾਨੀ ਬਲੋਚ ਦੀ ਭੈਣ ਜੀਵਨ ਖ਼ਾਤੂਨ ਜਿਨਾਂ ਨੇ ਧਾਰਮਿਕ ਰੰਗ ਦੀਆਂ ਕਵਿਤਾਵਾਂ ਦੀ ਥਾਂ ਪ੍ਰੇਮ ਰੰਗ ਨੂੰ ਪਹਿਲ ਦਿਤੀ। ਇਸ ਤੋਂ ਬਿਨਾਂ ਪੀਰੋ ਤੋਂ ਚਲ ਕੇ ਬਿਲਕੀਸ ਅਖਤਰ ਰਾਣੀ, ਇਮਾਮ ਬੀਬੀ ਤੇ ਜ਼ੀਨਤ ਕਵਿਤਰੀਆਂ ਵੀ ਹੋਈਆਂ ਹਨ (ਮਹਿਮੂਦ ਆਵਾਨ)। ਇਸ ਪਰਾਗੇ ਵਿੱਚੋ ਸਭ ਤੋਂ ਮਹੱਤਵਪੂਰਨ ਕਵਿਤਰੀ ਜ਼ੀਨਤ ਸੀ ਜਿਸ ਨੇ ਪਹਿਲੀ ਸੰਸਾਰ ਜੰਗ ਦੌਰਾਨ ਬਸਤੀਵਾਦੀਆ ਦੀ ਭਰਤੀ ਦਾ ਵਿਰੋਧ ਕੀਤਾ ਸੀ।

ਨੁਰੰਗੀ ਤੇ ਪੀਰੋ ਕਵਿਤਰੀਆ ਦੇ ਦੌਰ ਤੋਂ ਬਾਦ ਹਰਨਾਮ ਕੌਰ ਨਾਭਾ ਦਾ ਸਮਾਂ ਆਉਂਦਾ ਹੈ। ਹਰਨਾਮ ਕੌਰ ਨਾਭਾ ਦੇ ਇਕ ਦਹਾਕੇ ਅੱਗੇ-ਪਿਛੇ ਹੋਰ ਕਈ ਸਮਕਾਲੀ ਕਵਿਤਰੀਆਂ ਦਾ ਜ਼ਿਕਰ ਆਉਂਦਾ ਹੈ (ਮਹਿਮੂਦ ਆਵਾਨ)। ਜਿਹਨਾਂ ਵਿੱਚ ਬੀਬੀ ਮਖ਼ਫੀ (1872), ਹਾਜਨ ਨੂਰ ਬੇਗਮ, ਕਰਮ ਬੀਬੀ ਅਜੀਜ਼, ਫਜ਼ਲ ਨੂਰ, ਹਾਕਿਮ ਬੀਬੀ ਅਤੇ ਆਜ਼ਾਦੀ ਸੰਗਰਾਮਣ ਸਲਾਮ ਤਸੱਦੁਕ ਹੁਸੈਨ (1908) ਤੇ ਹੋਰ ਕਈ ਕਵਿਤਰੀਆਂ ਵੀ ਸਨ। 19-ਵੀਂ ਸਦੀ ਦੇ ਅੱਧ ਵਿੱਚ ਹੋਰ ਕਈ ਕਵਿੱਤਰੀਆਂ ਜਿਵੇਂ ਮਾਈ ਭਗਵਾਨ ਕੌਰ, ਜੈ ਦੇਵੀ, ਬੀਬੀ ਰਾਧੀ, ਚੇਤ ਕੌਰ, ਬੀਬੀ ਕਰਮੀ ਦੇਵੀ, ਆਇਸ਼ਾ, ਹਾਜ਼ਿਕਾ ਫਾਤਮਾ ਆਰਫ਼ਾ, ਮਰੀਅਮ ਬੇਗਮ, ਮਾਤਾ ਜੀਓ (ਜੀਵੀ), ਮਾਤਾ ਜਮਨਾ ਦੇਵੀ, ਸਾਹਿਬ ਦੇਵੀ ਅਰੋੜੀ। ਜਿਨਾਂ ਨੂੰ ਬੀਬੀ ਹਰਨਾਮ ਕੌਰ ਨਾਭਾ (1896-1976) ਤੋਂ ਅੰਮ੍ਰਿਤਾ ਪ੍ਰੀਤਮ ਤਕ ਪੰਜਾਬੀ ਅੰਦਰ ਕਾਵਿਕ, ਸਾਹਿਤਕ ਅਤੇ ਸਮਾਜ ਅੰਦਰ ਹੋ ਰਹੇ ਸਮਾਜਕ ਤੇ ਆਰਥਕ ਪ੍ਰੀਵਰਤਨਾਂ ਦੇ ਪ੍ਰਭਾਵ ਨੇ ਪੰਜਾਬੀ ਕਵਿਤਰੀਆ ਨੂੰ ਵੀ ਖੁਲ੍ਹ ਕੇ ਲਿਖਣ ਦੀਆਂ ਸੰਭਾਵਨਾਵਾਂ ਨੂੰ ਪੂਰਾ-ਪੂਰਾ ਮੌਕਾ ਦਿੱਤਾ। ਉਹਨਾਂ ਦੀਆਂ ਕਵਿਤਾਵਾਂ ਜਾਂ ਤਾਂ ਭਾਵੇ ਅਭਿਲਾਸ਼ੀ ਕਿਸਮ ਦੀਆਂ ਸਨ, ਧਾਰਮਿਕ ਤੇ ਇਤਿਹਾਸਕ ਵੰਨਗੀ ਵਾਲੀਆਂ, ਸਭ ਨੇ ਪੰਜਾਬੀ ਸਾਹਿਤ ਦੇ ਪਾਸਾਰ ਤੇ ਪ੍ਰਚਾਰ 'ਚ ਯੋਗਦਾਨ ਪਾਇਆ ਹੈ। ਇਸਤਰੀ ਕਵਿਰਤੀਆਂ ਦੀਆਂ ਰਚਨਾਵਾਂ ਨੇ ਮਰਦ ਪ੍ਰਧਾਨ ਮਾਨਸਿਕਤਾ ਦੇ ਕੜ ਨੂੰ ਤੋੜ ਕੇ, ਇਸਤਰੀ ਕਾਵਿ ਨੂੰ ਮਰਦ-ਪ੍ਰਧਾਨ ਪਰੰਪਰਾ ਅਤੇ ਮਰਦ ਵਿਰੋਧੀ ਨਾਰੀਵਾਦੀ ਸੋਚ ਤੋਂ ਵੀ ਮੁਕਤ ਕਰਾ ਕੇ ਸਮੁੱਚੀ ਕਿਰਤੀ-ਜਮਾਤ ਦੀ ਮੁਕਤੀ ਵਾਲੇ ਕਾਵਿ ਮੰਚ ਤੇ ਬੈਠਾ ਦਿੱਤਾ। ਕਵਿਤਰੀ ਅਰਤਿੰਦਰ ਸੰਧੂ ਨੇ ਆਪਣੇ ਤਿਮਾਹੀ-ਮਾਸਕ ਸਾਹਿਤਕ ਏਕਮ ਦੇ ਮਹੀਨਾ ਅਪ੍ਰੈਲ-ਜੂਨ-2018 ਦੇ ਅੰਕ, 'ਨਾਰੀ ਕਾਵਿ ਵਿਸ਼ੇਸ਼ ਅੰਕ" ਅੰਦਰ 98-ਕਵਿਤਰੀਆਂ ਦੀਆ ਪੰਜਾਬੀ ਬੋਲੀ ਅੰਦਰ ਰਚਨਾ ਕਰਨ ਵਾਲੀਆਂ ਕਵਿਤਰੀਆਂ ਸੰਬੰਧੀ ਜਾਣਕਾਰੀ ਉਪਲੱਬਧ ਕਰਾਈ ਹੈ। ਪੰਜਾਬ ਦੇ ਕਵਿਤਰੀਆਂ ਪਹਿਲੀ ਅੰਮ੍ਰਿਤਾ -ਪ੍ਰੀਤਮ ਅਤੇ ਦੂਸਰੀ ਪ੍ਰਭਜੋਤ ਕੌਰ ਸੀ, ਜਿਨਾਂ ਦਾ ਸਾਂਢਾ-ਗਾਂਢਾ ਸਥਾਪਤੀ ਨਾਲ ਸੀ, ਚਰਚਿਤ ਲੇਖਕਾਵਾਂ ਸਨ। ਅੱਜ ਦੇ ਪੰਜਾਬ ਦੇ ਸਾਹਿਤਕ ਪਿੜ ਅੰਦਰ ਕਵਿਤਰੀਆਂ ਵੱਜੋ ਸ਼ਰਨ ਮੱਕੜ, ਮਨਜੀਤ ਟਿਵਾਣਾ, ਕੁਲਦੀਪ ਕਲਪਨਾ, ਮਹਿੰਦਰ ਕੌਰ ਗਿਲ, ਮਨਜੀਤ ਪਾਲ ਕੌਰ,
ਕੁਲਦੀਪ ਗਿਲ ਆਦਿ ਦੇ ਨਾਂ ਵਰਣਨ ਹਨ। ਇਸ ਤੋਂ ਬਿਨਾਂ ਕਈ ਦਰਜਨ ਕਵਿਤਰੀਆਂ ਹਨ ਜਿਨ੍ਹਾਂ ਦੀ ਕਲਮ ਨੇ ਖ਼ੂਬਸੂਰਤ ਕਾਵਿ ਰਚਨਾਵਾਂ ਰਾਹੀ ਮਾਂ ਬੋਲੀ ਨੂੰ ਨਿਖਾਰਿਆ ਤੇ ਸਾਹਿਤਕ ਪੱਖੋ ਅਮੀਰ ਬਣਾਇਆ। ਭਾਵੇਂ ਪੰਜਾਬੀ ਸਾਹਿਤ ਅੰਦਰ ਇਸਤਰੀ ਕਵਿਤਰੀਆਂ ਲਈ ਪੰਜਾਬੀ ਕਾਵਿ ਸਾਹਿਤਕ ਦੀ ਚੜ੍ਹਾਈ ਬੜੀ ਮੁਸ਼ਕਲ ਸੀ। ਉਹਨਾਂ ਨੂੰ ਕਈ ਫਰੰਟਾਂ 'ਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਸਦੀਆਂ ਤੋਂ ਅਣਗੋਲੀ ਤੇ ਜਿਨਸੀ ਦਮਨ ਦੀਆਂ ਜੰਜੀਰਾਂ 'ਚ ਬੱਝੀ, ਫਿਰ ਵੀ ਉਸ ਦੀ ਪੇਸ਼ ਕਦਮੀ ਇਕ ਸ਼ਲਾਘਾਯੋਗ ਪ੍ਰਾਪਤੀ ਹੈ। ਜਿਉਂ-ਜਿਉਂ ਆਰਥਿਕ ਆਜਾਦੀ ਲਈ ਉਸ ਦਾ ਦਰਵਾਜਾ ਖੁਲ੍ਹਦਾ ਰਿਹਾ, ਉਹ ਸੁਤੰਤਰ ਭੂਮਿਕਾ ਨਿਭਾਉਂਦੀ ਗਈ। ਅੱਜ ਜਿਸ ਉਚਾਈ 'ਤੇ ਉਹ ਪੁੱਜ ਗਈ ਹੈ ਅੱਜੇ ਵੀ ਅੱਗੋ ਵੱਧਣ ਲਈ ਉਸ ਦੀ ਸੁਤੰਤਰ ਭੂਮਿਕਾ ਲਈ ਜਮਹੂਰੀ ਰਾਹ ਅਤੇ ਅੰਦੋਲਨ ਜਰੂਰੀ ਹੈ। ਸਾਹਿਤ ਦਾ ਅਕੀਦਾ ਭਾਵੇਂ ਕਿਸੇ ਵੀ ਸੇਧ ਵਾਲਾ ਹੋਵੇ, ਜਿਹੜਾ ਭੂਤ ਤੋਂ ਸਿਖਣ ਵਾਲਾ, ਵਰਤਮਾਨ ਉਸ ਨੂੰ ਹਾਣੀ ਬਣਾਏ ਅਤੇ ਭਵਿੱਖ ਨੂੰ ਸੁਚੇਤ ਕਰਨ ਵਾਲਾ ਹੋਣਾ ਚਾਹੀਦਾ ਹੈ। ਜਦੋਂ ਉਸ ਦਾ ਕਾਵਿਕ ਸਾਹਿਤ ਲੋਕ ਪੱਖੀ, ਜਨ ਸਾਹਿਤ, ਕਿਰਤ ਦੀ ਕਦਰ ਕਰਨ, ਕਿਰਤ ਨੂੰ ਜੋੜਨ ਵਾਲਾ, ਧਰਮ ਨਿਰਪੱਖ ਤੇ ਸ਼ੋਸ਼ਣ ਵਿਰੁੱਧ ਹੋਵੇਗਾ, ਉਹ ਪੰਜਾਬੀ ਕਾਵਿ ਸਾਹਿਤ ਜਨ-ਸਾਹਿਤ ਦਾ ਕੁਦਰਤੀ ਰੁਤਬਾ ਵੀ ਪ੍ਰਾਪਤ ਕਰ ਲਵੇਗਾ !

ਹਵਾਲਾ: ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ, ਪੰਜਾਬੀ ਸਾਹਿਤ ਦਾ ਇਤਿਹਾਸ, ਕਲਮ-ਸਿਆਹੀ)

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



NATURAL HEALTH SOLUTIONS
Over 20 years Homeopathic/Holistic ways case solving experience

HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।

ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -
ਤੁਹਾਡੀ ਭਾਸ਼ਾ ਬੋਲਦੇ - Hindi, Punjabi & English



ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist

Phone: 647-779-5904
Address: 8 Camperdown Ave, Etobicoke.
Clinic hours: all appointment basis for client convenience

# ਰੂਸ ਦੇ ਨਾਈਟ ਕਲੱਬ 'ਚ ਲੱਗੀ ਅੱਗ, 13 ਦੀ ਮੌਤ

ਮਾਸਕੋ, 7 ਨਵੰਬਰ (ਪੋਸਟ ਬਿਊਰੋ)- ਰੂਸ ਦੇ ਕੋਸਟ੍ਰੋਮਾ ਸ਼ਹਿਰ ਦੇ ਇੱਕ ਨਾਈਟ ਕਲੱਬ ਵਿੱਚ ਅੱਗ ਲੱਗਣ ਦੀ ਘਟਨਾ ਦੇ ਸਬੰਧ ਵਿੱਚ ਪੁਲਿਸ ਨੇ ਇੱਕ ਸ਼ੱਕੀ ਨੂੰ ਗ੍ਰਿਫ਼ਤਾਰ ਕੀਤਾ ਹੈ। ਕੋਸਟਰੋਮਾ ਸਿਟੀ ਪੁਲਿਸ ਨੇ ਦੱਸਿਆ ਕਿ ਇਸ ਘਟਨਾ ਦੇ ਸਬੰਧ ਵਿੱਚ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਗ੍ਰਿਫਤਾਰ ਸ਼ੱਕੀ ਨੂੰ ਜਾਂਚ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ ਹੈ। 'ਪੌਲੀਗਨ' ਨਾਈਟ ਕਲੱਬ ਅਤੇ ਰੈਸਟੋਰੈਂਟ ਵਿੱਚ ਲੱਗੀ ਅੱਗ ਨੇ 3500 ਵਰਗ ਮੀਟਰ ਦੇ ਖੇਤਰ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਇਸ ਹਾਦਸੇ 'ਚ 13 ਲੋਕਾਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਜ਼ਖਮੀ ਹੋ ਗਏ। ਰੂਸ ਦੇ ਐਮਰਜੈਂਸੀ ਹਾਲਾਤਾਂ ਬਾਰੇ ਮੰਤਰਾਲੇ ਮੁਤਾਬਕ ਇਮਾਰਤ 'ਚੋਂ 250 ਲੋਕਾਂ ਨੂੰ ਬਾਹਰ ਕੱਢਿਆ ਗਿਆ ਹੈ।

ਪੁਲਿਸ ਦੇ ਬਿਆਨ ਅਨੁਸਾਰ, ਇੱਕ ਡੂੰਘੀ ਤਲਾਸ਼ੀ ਮੁਹਿੰਮ ਤੋਂ ਬਾਅਦ, ਪੁਲਿਸ ਨੇ ਇੱਕ ਵਿਅਕਤੀ ਨੂੰ ਗੈਰ-ਕਾਨੂੰਨੀ ਕਾਰਵਾਈ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਲੋਕਾਂ ਦੀ ਮੌਤ ਲਈ ਇਸ ਨੂੰ ਜ਼ਿੰਮੇਵਾਰ ਮੰਨਆ ਜਾ ਰਿਹਾ ਹੈ। ਇਸ ਨੂੰ ਪੁੱਛਗਿੱਛ ਲਈ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ ਹੈ। ਅੱਗ ਸਥਾਨਕ ਸਮੇਂ ਅਨੁਸਾਰ 2.30 ਵਜੇ ਪੌਲੀਗਨ ਕਲੱਬ 'ਚ ਲੱਗੀ। ਇਸ ਤੋਂ ਬਾਅਦ ਇਮਾਰਤ 'ਚੋਂ 250 ਲੋਕਾਂ ਨੂੰ ਬਾਹਰ ਕੱਢਿਆ ਗਿਆ।



ਯੂਕਰੇਨ 'ਤੇ ਰੂਸ ਦੇ ਹਮਲੇ ਤੋਂ ਬਾਅਦ ਰੂਸ ਦੇ ਵੱਡੇ ਰਸਾਇਣਕ ਪਲਾਂਟਾਂ, ਸਟੋਰੇਜ ਡਿਪੂਆਂ ਅਤੇ ਰੱਖਿਆ ਖੋਜ ਸਥਾਨਾਂ 'ਤੇ ਅੱਗ ਲੱਗਣ ਅਤੇ ਧਮਾਕਿਆਂ ਦੀਆਂ ਘਟਨਾਵਾਂ ਵਾਪਰੀਆਂ ਹਨ। ਰੂਸ ਨੇ ਇਸ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ ਕਿ ਇਨ੍ਹਾਂ ਰਹੱਸਮਈ ਅੱਗ ਦੀਆਂ ਘਟਨਾਵਾਂ ਪਿੱਛੇ ਕੀ ਕਾਰਨ ਹੈ।

## ਯਮੁਨਾ ਐਕਸਪ੍ਰੈਸ ਵੇਅ 'ਤੇ ਬੱਸ ਟਰੱਕ ਨਾਲ ਟਕਰਾਈ, ਦੋ ਦੀ ਮੌਤ




ਨੋਇਡਾ, 7 ਨਵੰਬਰ (ਪੋਸਟ ਬਿਊਰੋ)- ਯਮੁਨਾ ਐਕਸਪ੍ਰੈਸਵੇਅ 'ਤੇ ਨੋਇਡਾ ਤੋਂ ਗਵਾਲੀਅਰ ਜਾ ਰਹੀ ਇਕ ਨਿੱਜੀ ਡਬਲ ਡੈਕਰ ਬੱਸ ਖੰਡੌਲੀ ਥਾਣਾ ਖੇਤਰ 'ਚ ਸਰੀਏ ਨਾਲ ਭਰੀ ਟਰੱਕ ਨਾਲ ਟਕਰਾ ਗਈ, ਇਸ ਘਟਨਾ 'ਚ ਦੋ ਲੋਕਾਂ ਦੀ ਮੌਤ ਹੋ ਗਈ। ਪੁਲਸ ਨੇ ਦੱਸਿਆ ਕਿ ਮਰਨ ਵਾਲੇ ਯਾਤਰੀਆਂ ਦੀ ਪਛਾਣ ਹੋਣੀ ਬਾਕੀ ਹੈ ਅਤੇ ਉਨ੍ਹਾਂ ਦੀ ਪਛਾਣ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜ਼ਖ਼ਮੀਆਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪੁਲਸ ਨੇ ਦੱਸਿਆ ਕਿ ਹਾਦਸੇ ਦੇ ਸਮੇਂ ਬੱਸ 'ਚ 40 ਯਾਤਰੀ ਸਵਾਰ ਸਨ। ਉਨ੍ਹਾਂ ਕਿਹਾ ਕਿ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

ਜਾਣਕਾਰੀ ਮੁਤਾਬਿਕ ਯਮੁਨਾ ਐਕਸਪ੍ਰੈਸਵੇਅ 'ਤੇ ਪਹਿਲਾਂ ਵੀ ਕਈ ਹਾਦਸੇ ਵਾਪਰ ਚੁੱਕੇ ਹਨ। ਹਾਲ ਹੀ ਵਿੱਚ ਉੱਤਰ ਪ੍ਰਦੇਸ਼ ਦੇ ਮਥੁਰਾ ਵਿੱਚ ਸੁਰੀਰ ਥਾਣਾ ਖੇਤਰ ਦੇ ਕੋਲ ਸ਼ਨੀਵਾਰ ਨੂੰ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ ਸੀ। ਇਹ ਹਾਦਸਾ ਯਮੁਨਾ ਐਕਸਪ੍ਰੈਸ ਵੇਅ 'ਤੇ ਵਾਪਰਿਆ। ਮਥੁਰਾ ਪੁਲਿਸ ਮੁਤਾਬਕ ਯਮੁਨਾ ਐਕਸਪ੍ਰੈਸ ਵੇਅ ਦੇ ਮਾਈਲਸਟੋਨ 87 'ਤੇ ਦੋ ਕਾਰਾਂ ਦਾ ਹਾਦਸਾ ਹੋਇਆ, ਜਿਸ 'ਚ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ। ਹਾਦਸੇ ਦੀ ਸੂਚਨਾ ਮਿਲਦੇ ਹੀ ਸਥਾਨਕ ਪੁਲਸ ਮੌਕੇ 'ਤੇ ਪਹੁੰਚ ਗਈ ਅਤੇ ਜ਼ਖਮੀਆਂ ਨੂੰ ਮਥੁਰਾ ਦੇ ਜ਼ਿਲਾ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਸੀ।

## ਲੈਬ ਵਿਚ ਵਿਕਸਿਤ ਖ਼ੂਨ ਇਨਸਾਨਾਂ ਨੂੰ ਚੜ੍ਹਾਇਆ ਗਿਆ

ਲੰਡਨ, 7 ਨਵੰਬਰ (ਪੋਸਟ ਬਿਊਰੋ)- ਦੁਨੀਆ ਵਿੱਚ ਪਹਿਲੀ ਵਾਰ, ਲੈਬ ਦੁਆਰਾ ਤਿਆਰ ਕੀਤਾ ਗਿਆ ਖ਼ੂਨ ਲੋਕਾਂ ਨੂੰ ਚੜ੍ਹਾਇਆ ਗਿਆ। ਯੂਕੇ ਵਿੱਚ ਇੱਕ ਕਲੀਨਿਕਲ ਪ੍ਰੀਖਣ ਦੇ ਤਹਿਤ, ਪ੍ਰਯੋਗਸ਼ਾਲਾ ਵਿੱਚ ਵਿਕਸਿਤ ਕੀਤੇ ਖ਼ੂਨ ਨੂੰ ਲੋਕਾਂ ਵਿੱਚ ਚੜ੍ਹਾਇਆ ਗਿਆ। ਬ੍ਰਿਟਿਸ਼ ਖੋਜਕਰਤਾਵਾਂ ਨੇ ਇਹ ਜਾਣਕਾਰੀ ਦਿੱਤੀ। ਰਿਪੋਰਟ ਅਨੁਸਾਰ, ਜ਼ਿਆਦਾਤਰ ਵਾਰ ਖ਼ੂਨ ਚੜ੍ਹਾਉਣਾ ਉਨ੍ਹਾਂ ਲੋਕਾਂ 'ਤੇ ਨਿਰਭਰ ਕਰਦਾ ਹੈ ਜੋ ਹਮੇਸ਼ਾ ਖ਼ੂਨਦਾਨ ਕਰਨ ਲਈ ਤਿਆਰ ਰਹਿੰਦੇ ਹਨ। ਇਸ ਖੋਜ ਦਾ ਅੰਤਮ ਟੀਚਾ ਉਪਯੋਗੀ, ਦੁਰਲੱਭ ਖ਼ੂਨ-ਸਮੂਹ ਦੇ ਖ਼ੂਨ ਦਾ ਵਿਕਾਸ ਕਰਨਾ ਹੈ ਜੋ ਅਕਸਰ ਪ੍ਰਾਪਤ ਕਰਨਾ ਮੁਸ਼ਕਲ ਹੁੰਦਾ ਹੈ।

ਇਹ ਉਹਨਾਂ ਲੋਕਾਂ ਲਈ ਜ਼ਰੂਰੀ ਹੈ ਜੋ ਸਿਕਲ ਸੈੱਲ ਅਨੀਮੀਆ ਵਰਗੀਆਂ ਸਥਿਤੀਆਂ ਲਈ ਨਿਯਮਤ ਖ਼ੂਨ ਚੜ੍ਹਾਉਣ 'ਤੇ ਨਿਰਭਰ ਕਰਦੇ ਹਨ। ਜੇਕਰ ਖ਼ੂਨ ਦੇ ਨਮੂਨੇ ਦਾ ਸਹੀ ਮੇਲ ਨਾ ਹੋਵੇ ਤਾਂ ਸਰੀਰ ਇਸ ਨੂੰ ਅਸਵੀਕਾਰ ਕਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਇਲਾਜ ਅਸਫਲ ਹੋ ਜਾਂਦਾ ਹੈ। ਟਿਸ਼ੂ-ਮੇਲ ਦਾ ਇਹ ਪੱਧਰ ਜਾਣੇ-ਪਛਾਣੇ ਏ, ਬੀ, ਏਬੀ ਅਤੇ ਓ ਖ਼ੂਨ ਸਮੂਹਾਂ ਤੋਂ ਵੱਖਰਾ ਹੈ।

ਬ੍ਰਸਟਲ ਯੂਨੀਵਰਸਿਟੀ ਦੇ ਪ੍ਰੋਫੈਸਰ ਐਸ਼ਲੇ ਟੋਏ ਨੇ ਕਿਹਾ ਕਿ ਕੁਝ ਸਮੂਹ 'ਸੱਚਮੁੱਚ, ਦੁਰਲੱਭ' ਹਨ ਅਤੇ 'ਦੇਸ਼ ਵਿੱਚ ਸਿਰਫ 10 ਲੋਕ ਦਾਨ ਕਰਨ ਦੇ ਯੋਗ ਹੋ ਸਕਦੇ ਹਨ।' ਰਿਪੋਰਟ ਮੁਤਾਬਕ ਭਾਰਤ ਵਿੱਚ ਪਹਿਲੀ ਵਾਰ ਪਛਾਣੇ ਗਏ 'ਬੰਬੇ' ਬਲੱਡ ਗਰੁੱਪ ਵਿੱਚ ਇਸ ਵੇਲੇ ਸਿਰਫ਼ ਤਿੰਨ ਯੂਨਿਟ ਹਨ। ਪੂਰੇ ਯੂਕੇ ਵਿੱਚ ਇਸਦਾ ਸਟਾਕ ਹੈ।

## ਚਾਵਲਾ ਬਲਾਤਕਾਰ-ਕਤਲ ਮਾਮਲੇ ਵਿਚ ਫਾਂਸੀ ਦੀ ਸਜ਼ਾ ਨੂੰ ਸੁਪਰੀਮ ਕੋਰਟ ਨੇ ਪਲਟਿਆ, ਤਿੰਨੋਂ ਦੋਸ਼ੀ ਰਿਹਾਅ

ਨਵੀਂ ਦਿੱਲੀ, 7 ਨਵੰਬਰ (ਪੋਸਟ ਬਿਊਰੋ)- 2012 ਦੇ ਚਾਵਲਾ ਬਲਾਤਕਾਰ-ਕਤਲ ਕੇਸ ਵਿੱਚ ਸੁਪਰੀਮ ਕੋਰਟ ਨੇ ਤਿੰਨਾਂ ਦੋਸ਼ੀਆਂ ਦੀ ਮੌਤ ਦੀ ਸਜ਼ਾ ਨੂੰ ਪਲਟਦਿਆਂ ਉਨ੍ਹਾਂ ਦੀ ਰਿਹਾਈ ਦੇ ਹੁਕਮ ਦਿੱਤੇ ਹਨ। ਇਸ ਕੇਸ ਨੂੰ ਦੂਜਾ ਨਿਰਭਯਾ ਕੇਸ ਕਿਹਾ ਜਾਂਦਾ ਹੈ। ਸੁਪਰੀਮ ਕੋਰਟ ਨੇ ਅੱਜ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ। ਜਸਟਿਸ ਉਦੈ ਉਮੇਸ਼ ਲਲਿਤ, ਜਸਟਿਸ ਐਸ ਰਵਿੰਦਰ ਭੱਟ ਅਤੇ ਜਸਟਿਸ ਬੇਲਾ ਐਮ ਤ੍ਰਿਵੇਦੀ ਦੀ ਬੈਂਚ ਨੇ ਇਹ ਫੈਸਲਾ ਸੁਣਾਇਆ। ਰਵੀ ਕੁਮਾਰ, ਰਾਹੁਲ ਅਤੇ ਵਿਨੋਦ ਨੂੰ ਅਗਵਾ, ਬਲਾਤਕਾਰ ਅਤੇ ਕਤਲ ਦੇ ਵੱਖ-ਵੱਖ ਦੋਸ਼ਾਂ ਤਹਿਤ ਦੋਸ਼ੀ ਠਹਿਰਾਇਆ ਗਿਆ ਸੀ। 7 ਅਪ੍ਰੈਲ 2022 ਨੂੰ ਸੁਪਰੀਮ ਕੋਰਟ ਨੇ ਤਿੰਨਾਂ ਦੋਸ਼ੀਆਂ ਦੀ ਮੌਤ ਦੀ ਸਜ਼ਾ 'ਤੇ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਸੁਪਰੀਮ ਕੋਰਟ ਨੇ ਤਿੰਨਾਂ ਦੀ ਮੌਤ ਦੀ ਸਜ਼ਾ ਨੂੰ ਬਰਕਰਾਰ ਰੱਖਣ ਦਾ ਫੈਸਲਾ ਕਰਨਾ ਸੀ। ਜਸਟਿਸ ਉਦੈ ਉਮੇਸ਼ ਲਲਿਤ, ਜਸਟਿਸ ਐਸ ਰਵਿੰਦਰ ਭੱਟ ਅਤੇ ਜਸਟਿਸ ਬੇਲਾ ਐਮ



ਤ੍ਰਿਵੇਦੀ ਦੇ ਬੈਂਚ ਨੇ ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ ਫੈਸਲਾ ਸੁਰੱਖਿਅਤ ਰੱਖ ਲਿਆ ਸੀ।

ਦਿੱਲੀ ਪੁਲਿਸ ਨੇ ਮੌਤ ਦੀ ਸਜ਼ਾ ਘਟਾਉਣ ਦੀ ਅਰਜ਼ੀ ਦਾ ਵਿਰੋਧ ਕੀਤਾ ਸੀ। ਪੁਲਿਸ ਤਰਫ਼ੋਂ ਏਐਸਜੀ ਐਸ਼ਵਰਿਆ ਭਾਟੀ ਨੇ ਕਿਹਾ ਕਿ ਇਹ ਅਪਰਾਧ ਸਿਰਫ਼ ਪੀੜਤਾ ਨਾਲ ਹੀ ਨਹੀਂ ਸਗੋਂ ਪੂਰੇ ਸਮਾਜ ਨਾਲ ਹੋਇਆ ਹੈ। ਦੋਸ਼ੀਆਂ ਨੂੰ ਕੋਈ ਰਿਆਇਤ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਉਨ੍ਹਾਂ ਨੇ ਅਜਿਹਾ ਘਿਨਾਉਣਾ ਅਪਰਾਧ ਕੀਤਾ ਹੈ। ਦੋਸ਼ੀਆਂ ਨੇ ਨਾ ਸਿਰਫ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਸਗੋਂ ਉਸ ਦੇ ਸਰੀਰ ਦਾ ਵੀ ਅਪਮਾਨ ਕੀਤਾ।

ਦਿੱਲੀ ਦੀ ਦਵਾਰਕਾ ਅਦਾਲਤ ਨੇ ਫਰਵਰੀ 2014 ਵਿੱਚ 2012 ਵਿੱਚ ਇੱਕ 19 ਸਾਲਾ ਲੜਕੀ ਨਾਲ ਬਲਾਤਕਾਰ ਅਤੇ ਹੱਤਿਆ ਦੇ ਮਾਮਲੇ ਵਿੱਚ ਤਿੰਨ ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਸੀ ਅਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਹਰਿਆਣਾ ਦੇ ਰੇਵਾੜੀ 'ਚ ਇਕ ਖੇਤ 'ਚੋਂ ਮ੍ਰਿਤਕਾ ਦੀ ਕੱਟੀ ਹੋਈ ਲਾਸ਼ ਮਿਲੀ ਹੈ। ਉਸ 'ਤੇ ਕਾਰ ਦੇ ਸੰਦਾਂ ਅਤੇ ਹੋਰ ਚੀਜ਼ਾਂ ਨਾਲ ਬੇਰਹਿਮੀ ਨਾਲ ਹਮਲਾ ਕੀਤਾ ਗਿਆ। ਰਵੀ ਕੁਮਾਰ, ਰਾਹੁਲ ਅਤੇ ਵਿਨੋਦ ਨੂੰ ਅਗਵਾ, ਬਲਾਤਕਾਰ ਅਤੇ ਕਤਲ ਦੇ ਵੱਖ-ਵੱਖ ਦੋਸ਼ਾਂ ਤਹਿਤ ਦੋਸ਼ੀ ਠਹਿਰਾਇਆ ਗਿਆ ਸੀ।

26 ਅਗਸਤ 2014 ਨੂੰ, ਦਿੱਲੀ ਹਾਈ ਕੋਰਟ ਨੇ ਮੌਤ ਦੀ ਸਜ਼ਾ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਉਹ "ਸ਼ਿਕਾਰੀ" ਸਨ ਜੋ ਸੜਕਾਂ 'ਤੇ ਘੁੰਮ ਰਹੇ ਸਨ ਅਤੇ "ਸ਼ਿਕਾਰ ਦੀ ਤਲਾਸ਼ ਕਰ ਰਹੇ ਸਨ।" ਤਿੰਨਾਂ ਦੋਸ਼ੀਆਂ ਨੇ ਦਿੱਲੀ ਹਾਈ ਕੋਰਟ ਦੇ ਹੁਕਮ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਇਸ ਦੌਰਾਨ, ਪੀੜਤ ਪਰਿਵਾਰ ਨੇ ਦੋਸ਼ੀਆਂ ਦੁਆਰਾ ਕੀਤੇ ਗਏ ਜੁਰਮ ਬਾਰੇ ਬੈਂਚ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਦਖਲ ਦੀ ਅਰਜ਼ੀ ਦਾਇਰ ਕੀਤੀ ਸੀ।

## ਤਾਲਿਬਾਨ ਨੇ ਸਾਬਕਾ ਰਾਸ਼ਟਰਪਤੀ ਹਾਮਿਦ ਕਰਜ਼ਈ ਦੇ ਭਰਾ ਨੂੰ ਦੁਬਈ ਦੀ ਫਲਾਈਟ ਤੋਂ ਹਿਰਾਸਤ ਵਿੱਚ ਲਿਆ


ਕਾਬੁਲ, 7 ਨਵੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਹਾਮਿਦ ਕਰਜ਼ਈ ਦੇ ਭਰਾ ਮਹਿਮੂਦ ਕਰਜ਼ਈ ਨੂੰ ਤਾਲਿਬਾਨ ਨੇ ਕਾਬੁਲ ਹਵਾਈ ਅੱਡੇ 'ਤੇ ਹਿਰਾਸਤ 'ਚ ਲੈ ਲਿਆ ਹੈ। ਤਾਲਿਬਾਨ ਦੇ ਬੁਲਾਰੇ ਨੇ ਅੱਜ ਇੱਥੇ ਦੱਸਿਆ ਕਿ ਸਾਬਕਾ ਸ਼ਹਿਰੀ ਵਿਕਾਸ ਅਤੇ ਭੂਮੀ ਮੰਤਰੀ ਮਹਿਮੂਦ ਕਰਜ਼ਈ 'ਤੇ ਕਾਨੂੰਨੀ ਮੁੱਦਿਆਂ ਕਾਰਨ ਵਿਦੇਸ਼ ਯਾਤਰਾ 'ਤੇ ਪਾਬੰਦੀ ਲਗਾਈ ਗਈ ਹੈ। ਖਾਮਾ ਪ੍ਰੈੱਸ ਨੇ ਸੂਤਰਾਂ ਦਾ ਹਵਾਲਾ ਦਿੰਦੇ ਹੋਏ ਆਪਣੀ ਰਿਪੋਰਟ 'ਚ ਕਿਹਾ ਕਿ ਮਸ਼ਹੂਰ ਅਫਗਾਨ ਕਾਰੋਬਾਰੀ ਮਹਿਮੂਦ ਨੂੰ ਐਤਵਾਰ ਨੂੰ ਕਾਬੁਲ ਹਵਾਈ ਅੱਡੇ 'ਤੇ ਹਿਰਾਸਤ 'ਚ ਲਿਆ ਗਿਆ।

ਤਾਲਿਬਾਨ ਦੇ ਪ੍ਰਧਾਨ ਮੰਤਰੀ ਦਫ਼ਤਰ ਦੇ ਨਜ਼ਦੀਕੀ ਸੂਤਰ ਦੇ ਹਵਾਲੇ ਨਾਲ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮਹਿਮੂਦ ਨੂੰ ਤਾਲਿਬਾਨ ਖੁਫੀਆ ਏਜੰਸੀ ਨੇ ਕੱਲ੍ਹ ਕਾਬੁਲ ਹਵਾਈ ਅੱਡੇ ਤੋਂ ਹਿਰਾਸਤ ਵਿੱਚ ਲਿਆ ਸੀ ਜਦੋਂ ਉਹ ਦੁਬਈ ਜਾ ਰਹੀ ਏਰੀਆਨਾ ਏਅਰਲਾਈਨਜ਼ ਦੀ ਉਡਾਣ ਵਿੱਚ ਸਵਾਰ ਸੀ।



ਇਸਲਾਮਿਕ ਅਮੀਰਾਤ ਦੇ ਬੁਲਾਰੇ ਬਿਲਾਲ ਕਰੀਮੀ ਨੇ ਪੁਸ਼ਟੀ ਕੀਤੀ ਕਿ ਮਹਿਮੂਦ ਨੂੰ ਕਾਨੂੰਨੀ ਮੁੱਦੇ ਕਾਰਨ ਅਫਗਾਨਿਸਤਾਨ ਛੱਡਣ ਤੋਂ ਰੋਕਿਆ ਗਿਆ ਸੀ, ਪਰ ਮਹਿਮੂਦ ਕਰਜ਼ਈ ਦੀ ਗ੍ਰਿਫਤਾਰੀ ਤੋਂ ਇਨਕਾਰ ਕੀਤਾ। ਸੂਤਰਾਂ ਦਾ ਮੰਨਣਾ ਹੈ ਕਿ ਮਹਿਮੂਦ ਕਰਜ਼ਈ ਦੀ ਨਜ਼ਰਬੰਦੀ ਦੇ ਪਿੱਛੇ ਉਨ੍ਹਾਂ ਦੇ ਭਰਾ ਹਾਮਿਦ ਕਰਜ਼ਈ ਦੀ ਸਿਆਸੀ ਟਿੱਪਣੀ ਹੋ ਸਕਦੀ ਹੈ। ਸਾਬਕਾ ਰਾਸ਼ਟਰਪਤੀ ਕਰਜ਼ਈ ਅਤੇ ਅਬਦੁੱਲਾ ਅਬਦੁੱਲਾ ਦੋ ਉੱਚ ਪੱਧਰੀ ਸਿਆਸਤਦਾਨ ਹਨ ਜੋ ਤਾਲਿਬਾਨ ਦੇ ਅਫਗਾਨਿਸਤਾਨ 'ਤੇ ਕਬਜ਼ਾ ਕਰਨ ਤੋਂ ਬਾਅਦ ਵੀ ਅਫਗਾਨਿਸਤਾਨ 'ਚ ਬਣੇ ਰਹੇ।

ਸਾਬਕਾ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਸਮੇਂ-ਸਮੇਂ 'ਤੇ ਔਰਤਾਂ ਦੇ ਅਧਿਕਾਰਾਂ 'ਤੇ ਰੋਕ ਲਗਾਉਣ ਲਈ ਤਾਲਿਬਾਨ ਸਰਕਾਰ ਦੀ ਆਲੋਚਨਾ ਕੀਤੀ ਹੈ ਅਤੇ ਤਾਲਿਬਾਨ ਨੂੰ "ਸਮੂਹਿਕ" ਸਰਕਾਰ ਬਣਾਉਣ ਲਈ ਕਿਹਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਮਹਿਮੂਦ ਕਰਜ਼ਈ ਦੱਖਣੀ ਕੰਧਾਰ ਸੂਬੇ ਦੇ ਆਧੁਨਿਕ ਵਪਾਰਕ ਸ਼ਹਿਰ ਆਇਨੋ ਮੀਨਾ ਵਿੱਚ ਇੱਕ ਪ੍ਰਮੁੱਖ ਸ਼ੇਅਰਧਾਰਕ ਹੈ। ਰਿਪੋਰਟ ਮੁਤਾਬਕ ਸਾਬਕਾ ਰਾਸ਼ਟਰਪਤੀ ਮੁਹੰਮਦ ਅਸ਼ਰਫ ਗਨੀ ਨੇ ਆਪਣੇ ਭਰਾ ਹਾਮਿਦ ਕਰਜ਼ਈ ਦੀ ਪ੍ਰਧਾਨਗੀ ਦੌਰਾਨ ਆਈਨੋ ਮੀਨਾ ਸ਼ਹਿਰ ਬਣਾਉਣ ਲਈ ਸਰਕਾਰੀ ਜ਼ਮੀਨ ਹਥਿਆਉਣ ਦਾ ਦੋਸ਼ ਲਾਇਆ ਸੀ।




## ਫੇਸਬੁੱਕ ਇਸ ਹਫਤੇ ਵੱਡੇ ਪੱਧਰ 'ਤੇ ਕਰਮਚਾਰੀਆਂ ਨੂੰ ਬਰਖਾਸਤ ਕਰੇਗੀ

ਨਵੀਂ ਦਿੱਲੀ, 7 ਨਵੰਬਰ (ਪੋਸਟ ਬਿਊਰੋ)- ਮੈਟਾ ਪਲੇਟਫਾਰਮ ਇੰਕ. ਇਸ ਹਫਤੇ ਆਪਣੇ ਹਜ਼ਾਰਾਂ ਕਰਮਚਾਰੀਆਂ ਦੀ ਵੱਡੀ ਛਾਂਟੀ ਦੀ ਯੋਜਨਾ ਬਣਾ ਰਿਹਾ ਹੈ, ਅਤੇ ਬੁੱਧਵਾਰ ਤੱਕ ਇਸਦਾ ਐਲਾਨ ਕਰਨ ਦੀ ਯੋਜਨਾ ਬਣਾ ਰਿਹਾ ਹੈ। ਵਾਲ ਸਟਰੀਟ ਜਰਨਲ ਨੇ ਐਤਵਾਰ ਨੂੰ ਇਸ ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਲੋਕਾਂ ਦੇ ਹਵਾਲੇ ਨਾਲ ਇਹ ਖਬਰ ਪ੍ਰਕਾਸ਼ਿਤ ਕੀਤੀ।

ਫੇਸਬੁੱਕ ਦੀ ਮੂਲ ਕੰਪਨੀ ਮੇਟਾ ਨੇ ਅਕਤੂਬਰ ਵਿੱਚ ਅੰਦਾਜ਼ਾ ਲਗਾਇਆ ਸੀ ਕਿ ਤਿਮਾਹੀ ਕਮਜ਼ੋਰ ਰਹੇਗੀ, ਅਤੇ ਅਗਲੇ ਸਾਲ ਹੋਰ ਖਰਚੇ ਹੋਣਗੇ, ਜਿਸ ਨਾਲ ਮੇਟਾ ਦੇ ਸਟਾਕ ਮਾਰਕੀਟ ਮੁੱਲ ਵਿੱਚ 67 ਬਿਲੀਅਨ ਡਾਲਰ ਦੀ ਕਮੀ ਆਵੇਗੀ। ਇਹ ਧਿਆਨ ਦੇਣ ਯੋਗ ਹੈ ਕਿ ਇਸ ਸਾਲ ਕੰਪਨੀ ਦਾ ਬਾਜ਼ਾਰ ਮੁੱਲ ਪਹਿਲਾਂ ਹੀ 500 ਬਿਲੀਅਨ ਅਮਰੀਕੀ ਡਾਲਰ ਤੋਂ ਵੱਧ ਘਟ ਗਿਆ ਹੈ।


ਇਹ ਨਿਰਾਸ਼ਾਜਨਕ ਮਾਹੌਲ ਇਸ ਲਈ ਬਣਾਇਆ ਗਿਆ ਹੈ ਕਿਉਂਕਿ ਮੇਟਾ ਨੂੰ ਹੌਲੀ ਗਲੋਬਲ ਆਰਥਿਕ ਵਿਕਾਸ ਨਾਲ ਜੂਝਣਾ ਪੈ ਰਿਹਾ ਹੈ, ਟਿਕਟਾਕ ਨਾਲ ਮੁਕਾਬਲਾ ਕਰ ਰਹੀ ਹੈ, ਐਪਲ ਦੁਆਰਾ ਗੋਪਨੀਯਤਾ ਨੀਤੀ ਵਿੱਚ ਬਦਲਾਅ ਕੀਤਾ ਗਿਆ ਹੈ, ਅਤੇ ਰੈਗੂਲੇਸ਼ਨ ਦਾ ਖ਼ਤਰਾ ਵੀ ਡਰਾਉਣਾ ਹੈ।

ਮੇਟਾ ਦੇ ਸੀਈਓ ਮਾਰਕ ਜ਼ੁਕਰਬਰਗ ਨੂੰ ਉਮੀਦ ਹੈ ਕਿ ਮੇਟਾਵਰਸ ਨਿਵੇਸ਼ ਨੂੰ ਸਫਲ ਹੋਣ ਵਿੱਚ ਲਗਭਗ ਇੱਕ ਦਹਾਕਾ ਲੱਗ ਜਾਵੇਗਾ। ਇਸ ਦੌਰਾਨ, ਉਹਨਾਂ ਨੂੰ ਨਵੇਂ ਲੋਕਾਂ ਨੂੰ ਨੌਕਰੀ 'ਤੇ ਰੱਖਣਾ ਬੰਦ ਕਰਨਾ ਪਏਗਾ, ਕੁਝ ਪ੍ਰੋਜੈਕਟ ਬੰਦ ਕਰਨੇ ਪੈਣਗੇ, ਅਤੇ ਲਾਗਤਾਂ ਨੂੰ ਘਟਾਉਣ ਲਈ ਟੀਮਾਂ ਦਾ ਪੁਨਰਗਠਨ ਕਰਨਾ ਹੋਵੇਗਾ।

ਮਾਰਕ ਜ਼ੁਕਰਬਰਗ ਨੇ ਅਕਤੂਬਰ ਦੇ ਅਖੀਰ ਵਿੱਚ ਕਿਹਾ, "2023 ਵਿੱਚ, ਅਸੀਂ ਤਰਜੀਹ ਦੇ ਚੋਣਵੇਂ ਵਿਕਾਸ ਖੇਤਰਾਂ ਵਿੱਚ ਨਿਵੇਸ਼ ਕਰਨ 'ਤੇ ਧਿਆਨ ਕੇਂਦਰਤ ਕਰਾਂਗੇ।




## ਮਨੀਸ਼ ਸਿਸੋਦੀਆ ਖਿਲਾਫ ਦਿੱਲੀ ਆਬਕਾਰੀ ਨੀਤੀ ਮਾਮਲੇ 'ਚ ਗਵਾਹ ਬਣਿਆ ਮੁਲਜ਼ਮ



ਨਵੀਂ ਦਿੱਲੀ, 7 ਨਵੰਬਰ (ਪੋਸਟ ਬਿਊਰੋ)- ਦਿੱਲੀ ਨਵੀਂ ਆਬਕਾਰੀ ਨੀਤੀ ਘਪਲੇ ਦੇ ਮੁਲਜ਼ਮ ਦਿਨੇਸ਼ ਅਰੋੜਾ ਨੂੰ ਸੀ.ਬੀ.ਆਈ. ਸਰਕਾਰੀ ਗਵਾਹ ਬਣਾਉਣ ਜਾ ਰਹੀ ਹੈ। ਇਸ ਮਾਮਲੇ ਵਿੱਚ ਦਿਨੇਸ਼ ਅਰੋੜਾ ਨੂੰ ਵੀ ਹਾਲ ਹੀ ਵਿੱਚ ਅਗਾਊਂ ਜ਼ਮਾਨਤ ਮਿਲ ਚੁੱਕੀ ਹੈ। ਸੀ.ਬੀ.ਆਈ. ਨੇ ਰਾਊਸ ਐਵੇਨਿਊ ਕੋਰਟ ਵਿੱਚ ਆਪਣੀ ਅਰਜ਼ੀ ਦਾਇਰ ਕੀਤੀ। ਇਸਦੀ ਸੁਣਵਾਈ ਸੀਬੀਆਈ ਦੇ ਵਿਸ਼ੇਸ਼ ਜੱਜ ਐਮਕੇ ਨਾਗਪਾਲ ਦੀ ਅਦਾਲਤ ਵਿੱਚ ਸ਼ੁਰੂ ਹੋਈ। ਇਸ ਦੌਰਾਨ ਮੁਲਜ਼ਮ ਦਿਨੇਸ਼ ਅਰੋੜਾ ਵੀ ਕੋਰਟ ਰੂਮ 'ਚ ਮੌਜੂਦ ਸੀ। ਉਸ ਨੇ ਕਿਹਾ, 'ਮੇਰੀ ਤਰਫੋਂ ਅਰਜ਼ੀ ਮੇਰੇ ਵਕੀਲ ਆਰ ਕੇ ਠਾਕੁਰ ਨੇ 1 ਨਵੰਬਰ, 2022 ਨੂੰ ਦਿੱਤੀ ਸੀ। ਮੈਂ ਆਪਣੀ ਮਰਜ਼ੀ ਨਾਲ ਸਰਕਾਰੀ ਗਵਾਹ ਬਣਨ ਲਈ ਤਿਆਰ ਹਾਂ। ਦਿਨੇਸ਼ ਅਰੋੜਾ ਦੇ ਬਿਆਨ 14 ਨਵੰਬਰ ਨੂੰ ਦਰਜ ਕੀਤੇ ਜਾਣਗੇ।

ਦਿਨੇਸ਼ ਅਰੋੜਾ ਨੇ ਅਦਾਲਤ 'ਚ ਕਿਹਾ, 'ਮੈਂ ਇਸ ਮਾਮਲੇ ਨਾਲ ਜੁੜੇ ਸਾਰੇ ਤੱਥ ਅਦਾਲਤ ਦੇ ਸਾਹਮਣੇ ਰੱਖਾਂਗਾ। ਇਸ ਮਾਮਲੇ 'ਚ ਮੇਰੇ 'ਤੇ ਲੱਗੇ ਦੋਸ਼ਾਂ ਦੇ ਸੰਦਰਭ 'ਚ ਮੈਂ ਆਪਣੀ ਭੂਮਿਕਾ ਬਾਰੇ ਵੀ ਸਾਰੀ ਸੱਚਾਈ ਦੱਸਾਂਗਾ। ਮੈਂ ਜਾਂਚ ਵਿੱਚ ਵੀ ਸਹਿਯੋਗ ਕਰਦਾ ਰਿਹਾ ਹਾਂ ਅਤੇ ਕਰਦਾ ਰਹਾਂਗਾ। ਮੈਂ ਜਾਂਚ ਅਧਿਕਾਰੀ ਅੱਗੇ ਕੁਝ ਬਿਆਨ ਦਿੱਤੇ ਹਨ। ਮੈਂ ਏ.ਸੀ.ਐੱਮ.ਐੱਮ. ਦੀ ਅਦਾਲਤ 'ਚ ਇਕਬਾਲੀਆ ਬਿਆਨ ਵੀ ਦਿੱਤਾ ਹੈ। ਅਗਸਤ 'ਚ ਸੀਬੀਆਈ ਨੇ ਦਿੱਲੀ ਦੇ ਸ਼ਰਾਬ ਘੁਟਾਲੇ 'ਚ ਕੇਸ ਦਰਜ ਕੀਤਾ ਸੀ ਅਤੇ ਅੱਠ ਲੋਕਾਂ ਖਿਲਾਫ ਲੁੱਕਆਊਟ ਸਰਕੂਲਰ (ਐੱਲ.ਓ.ਸੀ.) ਜਾਰੀ ਕੀਤਾ ਸੀ। ਮੁਲਜ਼ਮਾਂ ਵਿੱਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਤਤਕਾਲੀ ਆਬਕਾਰੀ ਕਮਿਸ਼ਨਰ ਅਰਵਾ ਗੋਪੀ ਕ੍ਰਿਸ਼ਨਾ, ਡਿਪਟੀ ਕਮਿਸ਼ਨਰ ਆਨੰਦ ਤਿਵਾੜੀ ਅਤੇ ਸਹਾਇਕ ਕਮਿਸ਼ਨਰ ਪੰਕਜ ਭਟਨਾਗਰ ਸ਼ਾਮਲ ਹਨ।

ਅਦਾਲਤ ਨੇ ਦਿਨੇਸ਼ ਅਰੋੜਾ ਨੂੰ ਪੁੱਛਿਆ ਕਿ ਕੀ ਕੋਈ ਦਬਾਅ ਸੀ, ਕੀ ਸੀਬੀਆਈ ਤੋਂ ਕੋਈ ਧਮਕੀ ਸੀ? ਇਸ ਸਬੰਧੀ ਅਰੋੜਾ ਨੇ ਕਿਹਾ ਕਿ ਉਹ ਆਪਣੀ ਮਰਜ਼ੀ ਨਾਲ ਸਰਕਾਰੀ ਗਵਾਹ ਬਣ ਰਹੇ ਹਨ। ਇਸ ਮਾਮਲੇ ਸਬੰਧੀ ਉਸ ਕੋਲ ਜੋ ਵੀ ਜਾਣਕਾਰੀ ਹੈ, ਉਹ ਦੱਸਣ ਨੂੰ ਤਿਆਰ ਹੈ। ਦਿਨੇਸ਼ ਅਰੋੜਾ ਨੇ ਸਹੁੰ ਚੁੱਕੀ ਕਿ ਉਹ ਬਿਨਾਂ ਕਿਸੇ ਦਬਾਅ ਦੇ ਸਰਕਾਰੀ ਗਵਾਹ ਬਣਨਾ ਚਾਹੁੰਦੇ ਹਨ। ਦਿਨੇਸ਼ ਅਰੋੜਾ ਨੇ ਆਪਣੇ ਵਿਰੁੱਧ ਦੋਸ਼ਾਂ ਦੀ ਮੁਆਫੀ ਲਈ ਅਰਜ਼ੀ ਦਾਇਰ ਕੀਤੀ। ਅਦਾਲਤ ਦਿਨੇਸ਼ ਅਰੋੜਾ ਦੀ ਅਰਜ਼ੀ 'ਤੇ 14 ਨਵੰਬਰ ਨੂੰ ਸੁਣਵਾਈ ਕਰੇਗੀ। ਅਰੋੜਾ ਦੇ ਬਿਆਨ ਵੀ 14 ਨਵੰਬਰ ਨੂੰ ਹੀ ਦਰਜ ਕੀਤੇ ਜਾਣਗੇ। ਅਦਾਲਤ ਫਿਰ ਫੈਸਲਾ ਕਰੇਗੀ ਕਿ ਦਿਨੇਸ਼ ਅਰੋੜਾ ਨੂੰ ਸਰਕਾਰੀ ਗਵਾਹ ਬਣਾਉਣਾ ਹੈ ਜਾਂ ਨਹੀਂ।

# ਲੋਕ ਸਾਹਿਤ ਅਕਾਦਮੀ ਮੋਗਾ ਦਾ ਹੋਇਆ ਆਮ ਇਜਲਾਸ

## * ਦੋ ਸਾਲ ਲਈ ਨਵੀਂ ਟੀਮ ਦੀ ਕੀਤੀ ਚੋਣ * ਗੁਰਚਰਨ ਸਿੰਘ ਸੰਘਾ ਪ੍ਰਧਾਨ ਤੇ ਬੇਅੰਤ ਕੌਰ ਗਿੱਲ ਬਣੇ ਜਨਰਲ ਸਕੱਤਰ



ਮੋਗਾ, 7 ਨਵੰਬਰ (ਪੋਸਟ ਬਿਊਰੋ) - ਲੋਕ ਸਾਹਿਤ ਅਕਾਦਮੀ ਮੋਗਾ ਦਾ ਆਮ ਇਜਲਾਸ ਪ੍ਰਧਾਨ ਸ. ਬਲਦੇਵ ਸਿੰਘ ਸੜਕਨਾਮਾ ਦੀ ਪ੍ਰਧਾਨਗੀ ਹੇਠ ਹੋਇਆ। ਆਰੰਭ ਵਿਚ ਸ੍ਰੀ ਅਸੋਕ ਚਟਾਨੀ ਜਨਰਲ ਸਕੱਤਰ ਨੇ ਪਿਛਲੇ ਸਮੇਂ ਦੌਰਾਨ ਲੋਕ ਸਾਹਿਤ ਅਕਾਦਮੀ ਦੀ ਕਾਰਗੁਜਾਰੀ ਰਿਪੋਰਟ ਪੇਸ਼ ਕੀਤੀ ਅਤੇ ਸ ਬਲਦੇਵ ਸਿੰਘ ਸੜਕਨਾਮਾ ਨੇ ਸਮੂਹ ਮੈਂਬਰਾਂ ਵਲੋਂ ਮਿਲੇ ਸਹਿਯੋਗ ਦੀ ਸਰਾਹ-ਨਾ ਕਰਦਿਆਂ ਲੋਕ ਸਾਹਿਤ ਅਕਾਦਮੀ ਦੀਆਂ ਪ੍ਰਾਪਤੀਆਂ ਅਤੇ ਆਰਥਿਕ ਸਥਿਤੀ ਬਾਰੇ ਜਾਣੂ ਕਰਵਾਉਂਦਿਆਂ ਪੁਰਾਣੀ ਟੀਮ ਭੰਗ ਕਰਨ ਦਾ ਐਲਾਨ ਕਰਕੇ ਨਵੀ ਟੀਮ ਦੀ ਚੋਣ ਲਈ ਸ ਗੁਰਚਰਨ ਸਿੰਘ ਸੰਘਾ ਨੂੰ ਚੋਣ ਅਧਿਕਾਰੀ ਨਿਯੁਕਤ ਕਰਕੇ ਨਵੀ ਚੋਣ ਕਰਨ ਲਈ ਆਦੇਸ਼ ਦਿੱਤੇ। ਡਾਕਟਰ ਸੁਰਜੀਤ ਸਿੰਘ ਬਰਾੜ ਨੇ ਆਮ ਇਜਲਾਸ ਸਾਹਮਣੇ ਮੱਤਾ ਪੇਸ਼ ਕੀਤਾ ਕਿ ਅਗਲੇ ਦੋ ਸਾਲ ਲਈ ਸ ਬਲਦੇਵ ਸਿੰਘ ਸੜਕਨਾਮਾ ਨੂੰ ਬਤੌਰ ਪ੍ਰਧਾਨ ਹੋਰ ਮੌਕਾ ਦਿੱਤਾ ਜਾਵੇ ਤੇ ਨਵੇਂ ਜਨਰਲ ਸਕੱਤਰ ਸ ਗੁਰਚਰਨ ਸਿੰਘ ਸੰਘਾ ਹੋਣਗੇ। ਇਸ ਮੱਤੇ ਤੇ ਬੋਲਦਿਆਂ ਸ੍ਰੀ ਗੁਰਮੀਤ ਕੜਿਆਲਵੀ ਤੇ ਸ੍ਰੀ ਅਮਰ ਸੂਫੀ ਨੇ ਕਿਹਾ ਕਿ ਲੋਕ ਸਾਹਿਤ ਅਕਾਦਮੀ ਦੇ ਨਵੇਂ ਮੈਂਬਰਾਂ ਵਿਚੋਂ ਟੀਮ ਬਣਾਈ ਜਾਵੇ ਅਤੇ ਕਿਸੇ ਇਸਤਰੀ ਮੈਂਬਰ ਨੂੰ ਮੌਕਾ ਦਿੱਤਾ ਜਾਵੇ। ਸਾਰੇ ਮੈਬਰਾਂ ਨੇ ਫੈਸਲਾ ਕੀਤਾ ਕਿ ਚੋਣ ਨਹੀਂ ਹੋਣੀ ਚਾਹੀਦੀ ਟੀਮ ਸਰਬਸੰਮਤੀ ਨਾਲ ਚੁਣੀ ਜਾਵੇ। ਡਾਕਟਰ ਸੁਰਜੀਤ ਸਿੰਘ ਬਰਾੜ ਨੇ ਸ ਗੁਰਚਰਨ ਸਿੰਘ ਸੰਘਾ ਨੂੰ ਪ੍ਰਧਾਨ ਤੇ ਸ੍ਰੀਮਤੀ ਬੇਅੰਤ ਕੌਰ ਗਿੱਲ ਨੂੰ ਜਨਰਲ ਸਕੱਤਰ ਸਕੱਤਰ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ ਜੋ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਲਈ। ਸ ਗੁਰਮੇਲ ਸਿੰਘ ਬੌਡੇ ਸੀਨੀਅਰ ਮੀਤ ਪ੍ਰਧਾਨ, ਸ ਦਿਲਬਾਗ ਸਿੰਘ ਬੁੱਕਣਵਾਲਾ ਮੀਤ ਪ੍ਰਧਾਨ, ਚਰਨਜੀਤ ਸਮਾਲਸਰ ਸਹਾਇਕ ਸਕੱਤਰ-ਕਮ- ਖਜਾਨਚੀ, ਸ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਪ੍ਰੈਸ ਸਕੱਤਰ ਅਤੇ ਮਾਸਟਰ ਪ੍ਰੇਮ ਸਹਾਇਕ ਪ੍ਰੈਸ ਸਕੱਤਰ ਨਾਮਜਦ ਕੀਤੇ ਗਏ।ਲੋਕ ਸਾਹਿਤ ਅਕਾਦਮੀ ਦੇ ਮੁੱਖ ਸਰਪ੍ਰਸਤ ਸ੍ਰੀ ਗੁਰਮੀਤ ਕੜਿਆਲਵੀ, ਸਰਪ੍ਰਸਤ ਸ ਬਲਦੇਵ ਸਿੰਘ ਸੜਕਨਾਮਾ ਤੇ ਸ੍ਰੀ ਅਸੋਕ ਚਟਾਨੀ ਬਣਾਇਆ ਗਿਆ। ਇਹ ਵੀ ਐਲਾਨ ਕੀਤਾ ਗਿਆ ਕਿ ਸਾਰੇ ਮੈਂਬਰ ਕਾਰਜਕਾਰਨੀ ਦੇ ਮੈਂਬਰ ਹੋਣਗੇ। ਇਸ ਮੌਕੇ ਤੇ ਸ੍ਰੀ ਨਰਿੰਦਰ ਰੋਹੀ, ਸ੍ਰੀਮਤੀ ਸਿਮਰਜੀਤ ਸਿੰਮੀ, ਸ੍ਰੀ ਆਤਮਾ ਸਿੰਘ ਬਰਾੜ(ਰੋਡੇ), ਸ੍ਰੀ ਅਮਰ ਸੂਫੀ, ਅਵਤਾਰ ਸਮਾਲਸਰ ਤੇ ਹੋਰ ਮੈਂਬਰ ਸ਼ਾਮਲ ਸਨ। ਇਸ ਮੌਕੇ ਬਲਦੇਵ ਸਿੰਘ ਸੜਕਨਾਮਾ ਨੇ ਨਵੀਂ ਚੁਣੀ ਟੀਮ ਨੂੰ ਮੁਬਾਰਕਬਾਦ ਦਿੰਦਿਆ ਕਿਹਾ ਉਹਨਾਂ ਵਲੋ ਹਰ ਵੇਲੇ ਸਹਿਯੋਗ ਦਿੱਤਾ ਜਾਵੇਗਾ। ਨਵੇਂ ਚੁਣੇ ਪ੍ਰਧਾਨ ਸ ਗੁਰਚਰਨ ਸਿੰਘ ਸੰਘਾ ਅਤੇ ਜਨਰਲ ਸਕੱਤਰ ਸ੍ਰੀਮਤੀ ਬੇਅੰਤ ਕੌਰ ਗਿੱਲ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਕੰਮ ਕਰਨਗੇ।

# ਡਿਜੀਟਲ ਯੁੱਗ ਵਿਚ ਲਾਇਬ੍ਰੇਰੀਆਂ ਅਤੇ ਕਿਤਾਬਾਂ ਹੀ ਸੱਚੀਆਂ ਦੋਸਤ, ਮੋਬਾਈਲ, ਲੈਪਟਾਪ ਨਹੀ



ਅਜੋਕੇ ਸਮੇਂ ਵਿਚ ਸੂਚਨਾ ਅਤੇ ਤਕਨਾਲੋਜੀ ਦੇ ਵਿਆਪਕ ਪਸਾਰ ਨੇ ਅਜੋਕੀ ਪੀੜ੍ਹੀ ਦੇ ਹੱਥਾਂ ਵਿੱਚ ਮੋਬਾਈਲ, ਕੰਪਿਊਟਰ ਤੇ ਲੈਪਟਾਪ ਫੜਾ ਦਿੱਤੇ ਹਨ, ਪਰ ਕਿਤਾਬਾਂ ਨਾਲੋਂ ਟੁੱਟੇ ਨੌਜਵਾਨਾਂ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨਾ ਸਮੇਂ ਦੀ ਵੱਡੀ ਲੋੜ ਹੈ। ਪੰਜਾਬ ਸਰਕਾਰ ਨੇ ਭਾਵੇਂ ਲਾਇਬ੍ਰੇਰੀ ਐਕਟ ਪਾਸ ਕੀਤਾ ਹੋਇਆ ਹੈ, ਪਰ ਇਹ ਅਮਲੀ ਰੂਪ ਵਿਚ ਲਾਗੂ ਨਹੀਂ ਹੋ ਰਿਹਾ। ਪਿੰਡਾਂ ਵਿਚ ਜਨਤਕ ਲਾਇਬ੍ਰੇਰੀਆਂ ਖੋਲ੍ਹਣ ਦੀ ਲੋੜ ਹੈ। ਭਾਵੇਂ ਇਹ ਉਦਮ ਕੁਝ ਪਿੰਡਾਂ ਵਿਚ ਸ਼ੁਰੂ ਹੋ ਚੁੱਕਾ ਹੈ, ਪਰ ਇਸ ਬਾਬਤ ਵੱਡੇ ਹੰਭਲੇ ਦੀ ਲੋੜ ਹੈ। ਸਰਕਾਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਨੂੰ ਅਜੋਕੇ ਦੌਰ ਦੇ ਹਾਣ ਦਾ ਬਣਾਇਆ ਜਾਵੇ। ਹਰੇਕ ਸਕੂਲ ਵਿਚ ਲਾਇਬ੍ਰੇਰੀਅਨ ਦੀ ਅਸਾਮੀ ਭਰੀ ਜਾਵੇ ਤੇ ਸਕੂਲੀ ਟਾਈਮ ਟੇਬਲ ਵਿਚ ਲਾਇਬ੍ਰੇਰੀ ਦਾ ਪੀਰੀਅਡ ਜ਼ਰੂਰੀ ਕੀਤਾ ਜਾਵੇ। ਸਹਿਤਕ ਸ਼ਖ਼ਸੀਅਤਾਂ ਨੂੰ ਬੱਚਿਆਂ ਦੇ ਰੂ-ਬ-ਰੂ ਕਰਾਇਆ ਜਾ ਸਕਦਾ ਹੈ। ਸਕੂਲਾਂ ’ਚ ਭਾਵੇਂ ਬਾਲ ਮੈਗਜ਼ੀਨ ਪ੍ਰਕਾਸ਼ਿਤ ਕੀਤੇ ਜਾਂਦੇ ਹਨ, ਪਰ ਇਹ ਯਤਨ ਵਧੇਰੇ ਧਿਆਨ ਦੀ ਮੰਗ ਕਰਦੇ ਹਨ। ਪਿੰਡਾਂ ਦੇ ਅਗਾਂਹਵਧੂ ਨੌਜਵਾਨ, ਪੰਚਾਇਤਾਂ, ਮਾਪੇ ਤੇ ਸਰਕਾਰ ਨੂੰ ਇਸ ਪੱਖੋਂ ਸੁਹਿਰਦ ਯਤਨ ਕਰਨੇ ਚਾਹੀਦੇ ਹਨ।

ਪੁਸਤਕਾਂ ਮਨੁੱਖ ਦਾ ਚੰਗਾ ਮਿੱਤਰ ਆਖੀਆਂ ਜਾਂਦੀਆਂ ਹਨ। ਅਹਿਮ ਸ਼ਖ਼ਸੀਅਤਾਂ ਤੇ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਪੜ੍ਹਨ ਨਾਲ ਉਨ੍ਹਾਂ ਦੇ ਤਜਰਬਿਆਂ ਤੋਂ ਬਹੁਤ ਕੁਝ ਸਿੱਖਣ ਦਾ ਮੌਕਾ ਮਿਲਦਾ ਹੈ। ਵਿਦਿਆਰਥੀ ਸਿਲੇਬਸ ਦੀਆਂ ਪੁਸਤਕਾਂ ਪੜ੍ਹਨ ਦੇ ਨਾਲ ਨਾਲ ਹੋਰ ਪੁਸਤਕਾਂ ਪੜ੍ਹ ਕੇ ਆਪਣਾ ਗਿਆਨ ਵਧਾ ਸਕਦੇ ਹਨ ਤੇ ਆਪਣੇ ਸ਼ਬਦਕੋਸ਼ ਨੂੰ ਵਿਸ਼ਾਲ ਕਰ ਸਕਦੇ ਹਨ। ਸਰਕਾਰ ਵੱਲੋਂ ਸਰਕਾਰੀ ਲਾਇਬ੍ਰੇਰੀਆਂ ਦੀ ਹਾਲਤ ਸੁਧਾਰਨ ਲਈ ਕਦਮ ਪੁੱਟਣੇ ਚਾਹੀਦੇ ਹਨ। ਇਨ੍ਹਾਂ ਦੀ ਦਿੱਖ ਸੁੰਦਰ ਬਣਾਉਣੀ ਚਾਹੀਦੀ ਹੈ ਤੇ ਵੱਧ ਤੋਂ ਵੱਧ ਕਿਤਾਬਾਂ ਰੱਖਣੀਆਂ ਚਾਹੀਦੀਆਂ ਹਨ। ਵਿ-ਦਅਕ ਅਦਾਰਿਆਂ ਦੇ ਪ੍ਰਬੰਧਕਾਂ ਵੱਲੋਂ ਵਿਦਿਆਰਥੀਆਂ ਨੂੰ ਕਿਤਾਬਾਂ ਨਾਲ ਜੋੜਨ ਲਈ ਉਪਰਾਲੇ ਕਰਨੇ ਚਾਹੀਦੇ ਹਨ। ਵਿਦਿਆਰਥੀਆਂ ਦੇ ਵਿਦਿਅਕ ਮੁਕਾਬਲੇ ਕਰਵਾ ਕੇ ਉਨ੍ਹਾਂ ਨੂੰ ਇਨਾਮ ਵਿਚ ਕਿਤਾਬਾਂ ਦੇਣੀਆਂ ਚਾਹੀਦੀਆਂ ਹਨ, ਇਸ ਨਾਲ ਪਾੜ੍ਹਿਆਂ ਵਿਚ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਹੋਵੇਗੀ ਤੇ ਉਨ੍ਹਾਂ ’ਚ ਲਾਇਬ੍ਰੇਰੀ ਜਾਣ ਦਾ ਰੁਝਾਨ ਵਧੇਗਾ।

ਅੱਜ ਦੇ ਯੁੱਗ ਖ਼ਾਸ ਕਰਕੇ ਵਿਦਿਆਰਥੀ ਜ਼ਿੰਦਗੀ ਵਿਚ ਲਾਇਬ੍ਰੇਰੀ ਦਾ ਬਹੁਤ ਮਹੱਤਵ ਹੈ। ਡਿਜੀਟਲ ਯੁੱਗ ਵਿਚ ਲੋਕਾਂ ਦਾ ਲਾਇਬ੍ਰੇਰੀਆਂ ਵੱਲ ਧਿਆਨ ਭਾਵੇਂ ਘਟ ਰਿਹਾ ਹੈ, ਪਰ ਜੋ ਗਿਆਨ ਲਾਇਬ੍ਰੇਰੀ ਵਿਚੋਂ ਮਿਲਦਾ ਹੈ, ਉਹ ਹੋਰ ਕਿਤੋਂ ਨਹੀਂ। ਲਾਇਬ੍ਰੇਰੀ ਕਿਤਾਬਾਂ ਦਾ ਭੰਡਾਰ ਹੁੰਦੀ ਹੈ, ਜਿਸ ਨਾਲ ਗਿਆਨ ਦਾ ਭੰਡਾਰ ਮਿਲਦਾ ਹੈ। ਲਾਇਬ੍ਰੇਰੀਆਂ ਨੂੰ ਪ੍ਰਾਇਮਰੀ ਸਕੂਲਾਂ, ਪਿੰਡਾਂ ਤੇ ਸ਼ਹਿਰਾਂ ਦੇ ਸਾਰੇ ਮੁਹੱਲਿਆਂ ਵਿਚ ਖੋਲ੍ਹਣ ਨਾਲ ਲੋਕਾਂ ਦਾ ਰੁਝਾਨ ਕਿਤਾਬਾਂ ਪ੍ਰਤੀ ਵਧ ਸਕਦਾ ਹੈ।

*ਕਿਤਾਬਾਂ ਹੀ ਸੱਚੀਆਂ ਦੋਸਤ, ਮੋਬਾਈਲ ਨਹੀਂ:*

ਅਜੋਕੇ ਸਮੇਂ ਵਿਚ ਨੌਜਵਾਨ ਪੀੜ੍ਹੀ ਮੋਬਾਈਲ ਉਪਰ ਜ਼ਿਆਦਾ ਨਿਰਭਰ ਹੈ। ਨੌਜਵਾਨਾਂ ਦੀ ਜ਼ਿੰਦਗੀ ਵਿਚ ਕਿਤਾਬਾਂ ਦੀ ਜਗ੍ਹਾ ਬਹੁਤ ਘਟ ਗਈ ਹੈ। ਬਿਨਾਂ ਸ਼ੱਕ ਮੋਬਾਈਲ ਕੋਲ ਹਰ ਗੱਲ ਦਾ ਜਵਾਬ ਹੈ, ਪਰ ਉਸ ਨਾਲ ਸਾਡਾ ਦਿਮਾਗ, ਸਿੱਖਣ ਦੀ ਯੋਗਤਾ ਖੋਹ ਬੈਠਦਾ ਹੈ। ਸ਼ੋਰ-ਸ਼ਰਾਬੇ ਤੋਂ ਦੂਰ ਹੋ ਕੇ ਚੰਗੀ ਕਿਤਾਬ ਦੇ ਅੱਖਰਾਂ ਨਾਲ ਤਾਲਮੇਲ ਬਣਾਉਣਾ ਸਿਮਰਨ ਕਰਨ ਵਾਂਗ ਹੈ। ਅਜਿਹਾ ਕਰਨ ਨਾਲ ਮਨ ਸਵੈ-ਵਿਸ਼ਵਾਸ ਨਾਲ ਭਰਿਆ ਰਹਿੰਦਾ ਹੈ ਤੇ ਦਿਮਾਗ ਤੇਜ਼ ਹੁੰਦਾ ਹੈ।

*ਲਾਇਬ੍ਰੇਰੀ ਅਧਿਆਪਕ ਆਪਣਾ ਫਰਜ਼ ਪਛਾਨਣ:*

ਡਿਜੀਟਲ ਯੁੱਗ ਵਿਚ ਲਾਇਬ੍ਰੇਰੀਆਂ ਦੀ ਹੋਂਦ ਬਚਾਉਣ ਲਈ ਜ਼ਮੀਨੀ ਪੱਧਰ ’ਤੇ ਕਾਰਜ ਕੀਤੇ ਜਾਣ ਦੀ ਲੋੜ ਹੈ। ਵਿਦਿਆਰਥੀਆਂ ਵਿਚ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਕਰਨੀ ਚਾਹੀਦੀ ਹੈ। ਵਿਦਿਆਰਥੀਆਂ ਨੂੰ ਲਾਇਬ੍ਰੇਰੀਆਂ ਦੇ ਮਹੱਤਵ ਬਾਰੇ ਫਿਰ ਤੋਂ ਜਾਣੂ ਕਰਵਾਉਣ ਦੀ ਲੋੜ ਹੈ, ਕਿਉਂਕਿ ਡਿਜੀਟਲ ਯੁੱਗ ਦੇ ਦੌਰ ਵਾਲੀ ਨਵੀਂ ਪੀੜ੍ਹੀ ਲਾਇਬ੍ਰੇਰੀ ਸ਼ਬਦ ਦਾ ਸਹੀ ਅਰਥ ਨਹੀਂ ਜਾਣਦੀ। ਸਕੂਲ ਪੱਧਰ ’ਤੇ ਲਾਇਬ੍ਰੇਰੀ ਦਾ ਪੀਰੀਅਡ ਜ਼ਰੂਰ ਹੋਣਾ ਚਾਹੀਦਾ ਹੈ।

*ਪਾੜ੍ਹਿਆਂ ਨੂੰ ਗਿਆਨ ਦੀ ਭੁੱਖ ਲਾਈ ਜਾਵੇ:*

ਵਿਦਿਆ ਹੀ ਇਕ ਮਾਤਰ ਰਾਹ ਹੈ, ਜੋ ਸਾਡੀ ਜ਼ਿੰਦਗੀ ਨੂੰ ਰੌਸ਼ਨ ਕਰਦਾ ਹੈ ਤੇ ਗਿਆਨ ਅਜਿਹਾ ਖ਼ਜ਼ਾਨਾ ਹੈ, ਜਿਸ ਨੂੰ ਕਦੇ ਕੋਈ ਲੁੱਟ ਨਹੀਂ ਸਕਦਾ ਤੇ ਇਸ ਗਿਆਨ ਰੂਪੀ ਖ਼ਜ਼ਾਨੇ ਨੂੰ ਭਰਨ ਲਈ ਲਾਇਬ੍ਰੇਰੀਆਂ ਦੀ ਹੋਂਦ ਨੂੰ ਬਚਾਉਣਾ ਬਹੁਤ ਲਾਜ਼ਮੀ ਹੈ। ਅਜੋਕੇ ਡਿਜੀਟਲ ਸਾਧਨ ਨੌਜਵਾਨ ਪੀੜ੍ਹੀ ਨੂੰ ਕਿਤਾਬਾਂ ਤੋਂ ਦੂਰ ਲਿਜਾ ਕੇ ਲਾਇਬ੍ਰੇਰੀਆਂ ਲਈ ਕਬਰਾਂ ਤਿਆਰ ਕਰ ਰਹੇ ਹਨ। ਲੋੜ ਹੈ, ਲੋਕਾਂ ਅੰਦਰ ਸਾਹਿਤਕ ਰੁਚੀ ਪੈਦਾ ਕਰਨ ਦੀ। ਸਕੂਲ-ਕਾਲਜ ਪੱਧਰ ’ਤੇ ਲਾਇਬ੍ਰੇਰੀਆਂ ਦੀ ਮਹੱਤਤਾ ਬਾਰੇ ਵਿਚਾਰ-ਵਟਾਂਦਰੇ ਕੀਤੇ ਜਾਣ ਅਤੇ ਵਿਦਿਆਰਥੀਆਂ ਅੰਦਰ ਕਿਤਾਬਾਂ ਪੜ੍ਹਨ ਦੀ ਚਿਣਗ ਲਾਈ ਜਾਵੇ। ਜੇ ਵਿਦਿਆਰਥੀਆਂ ਅੰਦਰ ਕੁਝ ਜਾਣਨ ਦੀ ਭੁੱਖ ਹੀ ਨਹੀਂ ਤਾਂ ਉਨ੍ਹਾਂ ਲਈ ਕਿਤਾਬਾਂ ਜਾਂ ਲਾਇਬ੍ਰੇਰੀ ਦੀ ਕੋਈ ਮਹੱਤਤਾ ਨਹੀਂ ਰਹਿ ਜਾਂਦੀ। ਇਸ ਲਈ ਸਾਹਿਤਕ ਪ੍ਰੇਮੀ, ਬੁੱਧੀਜੀਵੀ ਵਰਗ ਤੇ ਅਧਿਆਪਕ ਵਰਗ ਰਲ ਕੇ ਹੰਭਲਾ ਮਾਰਨ ਤੇ ਸਕੂਲਾਂ-ਕਾਲਜਾਂ ਵਿਚ ਵੱਧ ਤੋਂ ਵੱਧ ਨੌਜਵਾਨਾਂ ਨੂੰ ਕਿਤਾਬਾਂ ਨਾਲ ਜੋੜਨ। ਆਮ ਲੋਕਾਂ ਵਿਚ ਵਿਚਰ ਕੇ ਲਾਇਬ੍ਰੇਰੀਆਂ ਦੀ ਮਹੱਤਤਾ ਤੋਂ ਜਾਣੂੰ ਕਰਾਇਆ ਜਾਵੇ। ਬੱਚਿਆਂ ਦੇ ਕੋਰੇ ਕਾਗਜ਼ ਰੂਪੀ ਦਿਮਾਗ ਅੰਦਰ ਗੂਗਲ ਗਿਆਨ ਦੇ ਨਾਲ ਨਾਲ ਕਿਤਾਬੀ ਚਾਨਣ ਪਸਾਰਿਆ ਜਾਵੇ। ਮਹਾਨ ਸਖ਼ਸ਼ੀਅਤਾਂ ਦੇ ਦਿਵਸ ’ਤੇ ਉਨ੍ਹਾਂ ਦੇ ਜੀਵਨ ਵਿਚ ਕਿਤਾਬਾਂ ਦੀ ਭੂਮਿਕਾ ਬਾਰੇ ਭਾਸ਼ਨ ਦਿੱਤੇ ਜਾਣ ਅਤੇ ਸਾ-ਹਤਕ ਗਤੀਵਿਧੀਆਂ ਨੂੰ ਗਲੀ, ਮੁਹੱਲੇ ਤੇ ਸੱਥਾਂ ਵਿੱਚ ਲਿਜਾ ਕੇ ਸਾਹਿਤਕ ਪ੍ਰੇਰਨਾ ਦਿੱਤੀ ਜਾਵੇ।

*-ਵਿਜੈ ਗਰਗ ਸਾਬਕਾ*
*ਪੀਈਐਸ-1*
*ਸੇਵਾ ਮੁਕਤ ਪ੍ਰਿੰਸਪਲ*
*ਮਲੋਟ।*

### Change of Name

I, **Parmjit Kaur Bhathal, R/O V.P.O. Hardaspur, District Kapurthala, Tehsil Phagwara, Punjab, India,** Currently living at **19 Paddington Rd, Brampton, ON, L6P 2E3, Canada,** have changed my name to **Paramajit Kaur Bhathal.** Henceforth, I shall be known as **Paramjit Kaur Bhathal** for all purposes.







## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11” ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com










## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **‘PR’** ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**




## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

